





www.PunjabiLibrary.com

## ਦੋ ਸ਼ਬਦ

ਜਿੰਦਗੀ ਵਿੱਚ ਕੁਝ ਅਜਿਹੇ ਦੁਖਾਂਤ ਵਾਪਰ ਜਾਂਦੇ ਹਨ, ਜਿਨ੍ਹਾਂ ਨੂੰ ਮਨੁੱਖ ਵੱਲੋਂ ਅੱਖੋਂ ਓਹਲੇ ਕਰਨਾਂ ਤਾਂ ਦੂਰ ਆਪਣੀ ਮਾਨਸਿਕ ਵਿਵਸਥਾ ਤੋਂ ਪਰੇ ਕਰਨਾਂ ਵੀ ਔਖਾ ਹੁੰਦਾ ਹੈ। ਮੇਰੇ ਨਾਲ ਵੀ ਕੁਝ ਅਜਿਹਾ ਹੀ ਵਾਪਰਿਆ, ਜਿਸ ਪ੍ਰਤੀ ਆਪਣੀ ਨਾ-ਸਮਝ ਸੋਚ ਸਦਕਾ ਕਲਮ ਚੁੱਕ ਕਾਗਜ਼ ਦੀ ਹਿੱਕ ਉੱਤੇ ਉਸ ਗਾਥਾਨ ਚਿਤਰਨ ਦਾ ਨਿਗੁੱਣਾ ਜਿਹਾ ਉਪਰਾਲਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਅਤੇ ਇਸਨੂੰ ਸਭ ਪਾਠਕਾਂ ਦੇ ਸਨਮੁੱਖ ਕਰਨ ਲਈ ਕਿਤਾਬੀ ਰੂਪ ਦੇ ਕੇ ਆਪ ਦੇ ਰੁ-ਬਰੂ ਹੋ ਰਿਹਾ ਹਾਂ। ਇਸ ਦੌਰ ਵਿੱਚ ਵਿਚਰਦਿਆਂ ਮੈਨੂੰ ਕੁਝ ਅਹਿਮ ਸਖ਼ਸ਼ੀਅਤਾਂ ਨਾਲ ਮਿਲਣ ਦਾ ਸੁਭਾਗ ਹਾਸਲ ਹੋਇਆ, ਜਿੱਥੇ ਮੈਂ ਉਨ੍ਹਾਂ ਦੇ ਸਿਰਜਣਾ ਪ੍ਰਤੀ ਦਿੱਤੇ ਸੁਝਾਵਾਂ ਕਰਕੇ ਹਮੇਸ਼ਾਂ ਹੀ ਰਿਣੀ ਰਹਾਂਗਾ,ਉੱਥੇ ਮੈਂ ਤੁਹਾਡੀ ਸੁਧੀਰ ਪ੍ਰਕਾਸ਼ਨ ਸਰਹਿੰਦ ਵਾਲਿਆਂ ਅਤੇ ਬੀਬੀ ਸੁਰਿੰਦਰ ਕੌਰ ਬਾੜਾ, ਪੰਜਾਬੀ ਲਿਖਾਰੀ ਸਭਾ ਪਟਿਆਲਾ ਦੇ ਪ੍ਰਧਾਨ ਦਰਸ਼ਨ ਸਿੰਘ ਆਸ਼ਟ, ਦਵਿੰਦਰ ਪਟਿਆਲਵੀ ਅਤੇ ਸਭਾ ਦੇ ਸਮੁੱਚੇ ਸਾਥੀਆਂ ਦਾ ਵੀ ਧੰਨਵਾਦੀ ਹਾਂ, ਜਿਨ੍ਹਾਂ ਨੇ ਸਮੇਂ ਸਮੇਂ ਮੇਰੀਆਂ ਰਚਨਾਵਾਂ ਦੀ ਪੜਚੋਲ ਕਰ ਮੈਨੂੰ ਲਿਖਣ ਪ੍ਰਤੀ ਉਤਸ਼ਾਹਿਤ ਕੀਤਾ। ਇੱਥੇ ਮੈਂ '' ਸੰਤ ਸਿੰਘ ਸੋਹਲ '' ਜੀ ਦਾ ਵੀ ਤਹਿਦਿਲੋਂ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਆਪਣੀ ਦੇਖਰੇਖ ਰੇਠ ਮੇਰੀ ਇਸ ਨਿਮਾਣੀ ਜਿਹੀ ਲਿਖਤ ਨੂੰ ਆਪ ਸਭ ਦੇ ਰੂ-ਬਰੂ ਕਰਨ ਵਿੱਚ ਪੂਰਨ ਸਹਿਯੋਗ ਦਿੱਤਾ। ਇਸ ਪ੍ਰਤੀ ਮੈਂ ਆਪਣੇ ਪੂਜਨੀਕ ਮਾਪਿਆਂ ਅਤੇ ਆਪਣੇ ਦੋਸਤਾਂ ਮਿੱਤਰਾਂ ਦਾ ਵੀ ਧੰਨਵਾਦੀ ਹਾਂ।ਅੰਤ ਆਪ ਸਭ ਪਾਠਕਾਂ ਤੋਂ ਆਪਣੀ ਕਿਰਤ ਪ੍ਰਤੀ ਸੁਝਾਵਾਂ ਦਾ ਇੰਤਜ਼ਾਰ ਕਰਾਂਗਾ ਤਾਂ ਜੋ ਮੈਂ ਅਗਾਂਹ ਤੋਂ ਵੀ ਸਾਰਥਿਕ ਸੋਚ ਨੂੰ ਅਪਣਾ ਆਪ ਜੀ ਦੇ ਰੂ-ਬਰੂ ਹੁੰਦਾ ਰਹਾਂ।

ਆਪ ਦੇ ਸੁਝਾਵਾਂ ਦੀ ਉਡੀਕ 'ਚ

ਪਰਗਟ ਰਿਹਾਨ

97817-32173, 97796-32173



www.PunjabiLibrary.com

# ਇਸ ਮੋੜ ਤੋਂ ਬਚ ਕੇ----ਇਕ ਹੂਕ

ਪਰਗਟ ਰਿਹਾਨ ਦੀ ਮੇਰੇ ਨਾਲ ਮੁਲਾਕਾਤ ਬੀਬੀ ਸੁਰਿੰਦਰ ਕੌਰ ਬਾੜਾ ਦੇ ਘਰੇ ਹੋਈ। ਸ਼ਾਤ ਚਿੱਤ ਚੜ੍ਹਦੀ ਉਮਰ ਦਾ ਬਹੁਤ ਹੀ ਮਿਲਾਪੜੇ ਜਿਹੇ ਸੁਭਾਅ ਦਾ ਇਹ ਨੌਜਵਾਨ ਮੈਨੂੰ ਅੱਧ ਕੁ ਦਾ ਹੋ ਕੇ ਮਿਲਿਆ। ਗੱਲ਼ਾਂ ਗੱਲ਼ਾਂ ਵਿੱਚ ਉਸਨੇ ਮੈਨੂੰ ਆਪਣੀ ਲਿਖਣ ਪ੍ਰਕਿਰਿਆ ਵਾਰੇ ਜਾਣੂ ਕਰਵਾਇਆ। ਤਾਂ ਮਨ ਨੂੰ ਇੱਕ ਤਸੱਲੀ ਜਿਹੀ ਹੋਈ ਉਸ ਦੂਆਰਾ ਲਿਖਤ ਰਚਨਾ ' ਇਸ ਮੋੜ ਤੋਂ ਬਚਕੇ ' ਪੜ੍ਹਨ ਉਪਰੰਤ ਮੈਨੂੰ ਇਹ ਜਾਣਕੇ ਖ਼ੁਸ਼ੀ ਹੋਈ ਕਿ ਪਰਗਟ ਜਿੱਥੇ ਅੱਜ ਦੀ ਨੌਜਵਾਨ ਪੀੜ੍ਹੀ ਦੀ ਮਾਨਸਿਕ ਦਸ਼ਾ ਦਾ ਚਿਤਰਣ ਬਾ-ਖੂਬੀ ਕਰਦਾ ਹੈ। ਉੱਥੇ ਉਹ ਸਾਡੀਆਂ ਸਮਾਜਿਕ ਕਦਰਾਂ ਕੀਮਤਾਂ, ਰਿਸ਼ਤੇ ਨਾਤੇ, ਵਿਰਸੇ, ਆਪਸੀ ਸਾਂਝ, ਭਾਈਚਾਰੇ ਦੀ ਵੀ ਸੂਝ ਰੱਖਦਾ ਹੈ। ਸਾਡੇ ਸਮਾਰ ਦਾ ਇਹ ਸਦੀਵੀ ਦੁਖਾਂਤ ਰਿਹਾ ਹੈ ਕਿ ਅਸੀਂ ਪਿਆਰ ਮੁਹੱਬਤ ਨੂੰ ਹਮੇਸ਼ਾਂ ਹੀ ਅੱਖੋਂ ਓਹਲੇ ਕਰਦੇ ਆਏ ਹਾਂ। ਜਾਂ ਆਖ ਲਈਏ ਸਾਡੇ ਇਸ ਅਧੁਨਿਕ ਸਮਾਜ ਵਿੱਚ ਵੀ ਰਿਸ਼ਤਿਆਂ ਵਿੱਚ ਉਚ-ਨੀਚ, ਜਾਤ-ਪਾਤ, ਧਰਮ, ਗੋਤ ਅੱਜ ਵੀ ਦੀਵਾਰ ਬਣ ਖੜ੍ਹੇ ਹਨ। ਪਰਗਟ ਦੀ ਇਹ ਕਹਾਣੀ ਵੀ ਇਸੇ ਪੱਖ ਦੀ ਪੇਰਵਾਈ ਕਰਦੀ ਹੈ। ਸਦੀਆਂ ਵਧੀ ਅਸੀਂ ਪਿਆਰ ਦੇ ਕਿੱਸੇ ਭਾਵੇਂ ਬਹੁਤ ਆਦਰਾ ਅਤੇ ਸਤਿਕਾਰ ਨਾਲ ਪੜਦੇ ਹਾਂ ਪ੍ਰੰਤੂ ਸਮਾਜ ਦਿਆਂ ਉਨ੍ਹਾਂ ਬੰਧਨਾਂ ਤੋਂ ਮੁਕਤ ਨਹੀਂ ਕਰ ਸਕਦੇ। ਇਹੋ ਕਾਰਨ ਹੈ ਕਿ ਜਿੱਥੇ ਮੁਹੱਬਤ ਵਿੱਚ ਹੀਰ ਰਾਂਝੇ, ਸੱਸੀ ਪੰਨੂੰ ਅਤੇ ਸੋਹਣੀ ਮਾਹੀਵਾਲ ਨੂੰ ਪ੍ਰਾਣਾਂ ਦੀ ਅਹੁੱਤੀ ਦੇਣੀ ਪਈ। ਉੱਥੇ ਅੱਜ ਦੇ ਇਸ ਅਧੁਨਿਕ ਦੌਰ ਵਿਚ ਵੀ ਅਜਿਹੇ ਕਿੱਸੇ ਆਮ ਵਾਪਰ ਰਹੇ ਹਨ। ਜਿੱਥੇ ਸਮਾਜ ਅੰਦਰ ਕੰਨਿਆਂ ਭਰੂਣ ਹੱਤਿਆ ਜਿਹੀਆਂ ਬੁਰਿਆਈਆਂ ਦਾ ਜੇ ਦੌਰ ਬਰਕਰਾਰ ਹੈ ਤਾਂ ਮੈਂ ਸਮਝਦਾ ਹਾਂ ਕਿ ਇਸ ਵਿੱਚ ਕੁਝ ਹੱਦ ਤੱਕ ਅਣਖ਼ ਤੇ ਇੱਜ਼ਤ ਦੀ ਫ਼ੌਕੀ ਸ਼ੋਹਰਤ ਦੀ ਮਾਨਸਿਕਤਾ ਵੀ ਭਾਰੂ ਹੈ। ਅਸੀਂ ਨਹੀਂ ਚਾਹੁੰਦੇ ਸਾਡੀ ਧੀ ਕਿਸੇ ਗ਼ੈਰ ਨਾਲ਼ ਆਪਣੀ ਮਰਜੀ ਦੇ ਸਬੰਧ ਬਣਾ ਘੁੰਮੇ ਫਿਰੇ ਜਾਂ ਪਿੰਡ ਦੀ ਕੋਈ ਕੁੜੀ ਆਪਣੇ ਪਿੰਡ ਵਿੱਚ ਵਿਆਹ ਕਰਵਾਏ। ਇਸੇ ਲਈ ਪਿਛਲੇ ਕੁਝ ਕੁ ਸਮੇਂ ਦੌਰਾਨ ਖਾਪ ਪੰਚਾਇਤਾਂ ਵੱਲੋਂ ਦਿੱਤੇ ਗਏ ਫੈਸਲੇ ਇਸ ਦੀ ਮੂੰਹ ਬੋਲਦੀ ਤਸਵੀਰ ਹਨ। ਅੱਜ ਵੀ ਆਪਣੀ ਮਰਜ਼ੀ ਨਾਲ ਇਕੱਠਿਆਂ ਜੀਣ ਵਾਲਿਆਂ ਜੋੜਿਆਂ ਨੂੰ ਜਾਂ ਤਾਂ ਕਤਲ ਕਰ ਦਿੱਤਾ ਜਾਂਦਾ ਹੈ ਜਾਂ ਉਹਨਾਂ ਦੇ ਪਰਿਵਾਰਾਂ ਨੂੰ ਸਮਾਜਿਕ ਸ਼ੋਸਣ ਦਾ ਸ਼ਿਕਾਰ ਹੋਣਾ ਪੈਂਦਾ ਹੈ। ਉਨ੍ਹਾਂ ਨੂੰ ਪਿੰਡਾਂ

ਵਿੱਚੋਂ ਛੇਕ ਦਿੱਤਾ ਜਾਂਦਾ ਹੈ। ਤੇ ਉਨ੍ਹਾਂ ਦੀਆਂ ਧੀਆਂ-ਭੈਣਾਂ ਨਾਲ ਦੁਰਵਿਵਹਾਰ ਆਮ ਜਿਹੀ ਗੱਲ਼ ਹੈ। ਅਜਿਹਾ ਸਾਡੇ ਗੁਆਂਢੀ ਸੂਬੇ ਹਰਿਆਣਾ ਵਿੱਚ ਆਮ ਵੇਖਿਆ ਜਾ ਸਕਦਾ ਹੈ ਸੋ ਮੈਂ ਆਖ਼ ਸਕਦਾ ਹਾਂ ਕਿ ਜਿੱਥੇ ਪਰਗਟ ਨੇ ਦੋ ਮੁਹੱਬਤ ਕਰਨ ਵਾਲਿਆਂ ਦੀ ਮਾਨਸਿਕ ਅਵਸਥਾ ਨੂੰ ਬਾ-ਖ਼ੂਬੀ ਬਿਆਨ ਕਰਨ ਦਾ ਉਪਰਾਲ ਕੀਤਾ ਹੈ ਉੱਥੇ ਸਾਡੀਆਂ ਸਮਾਜਿਕ ਬੰਧਸ਼ਾਂ ਅਤੇ ਸਮਾਜਿਕ ਸਰੋਕਾਰਾਂ ਨੂੰ ਉਜਾਗਰ ਕਰਨ ਦੀ ਕੋਸ਼ਿਸ ਕੀਤੀ ਹੈ। ਇਹ ਇਸ ਦਾ ਪਹਿਲਾ ਉਪਰਾਲਾ ਹੈ। ਜਿਸਨੂੰ ਇਸ ਨੇ ਆਪਣੇ ਤੌਰ ਤੇ ਸੁਚੱਜੇ ਢੰਗ ਨਾਲ ਨੇਪਰੇ ਚਾੜਨ ਦੀ ਕੋਸ਼ਿਸ਼ ਕੀਤੀ ਹੈ ਤੇ ਉਹ ਸਫਲ ਵੀ ਹੋਇਆ। ਮੈਂ ਜਾਣਦਾ ਹਾਂ ਬਹੁਤ ਘਾਟਾ ਰਹਿ ਗਈਆਂ ਹੋਣਗੀਆਂ, ਉਨ੍ਹਾਂ ਨੂੰ ਅੱਖੋਂ ਪਰੋਖੋ ਕਰਕੇ ਮੈਂ ਇਸ ਦੀ ਇਸ ਕਿਰਤ ਉੱਤੇ ਇਸਨੂੰ ਮੁਬਾਰਕਬਾਦ ਦਿੰਦਾ ਹਾਂ ਅਤੇ ਇਸਨੂੰ ਚੜ੍ਹਦੀਕਲਾਂ ਵਿਚ ਰਹਿਣ ਦੀ ਕਾਮਨਾ ਕਰਦਿਆਂ ਉਮੀਦ ਕਰਦਾ ਹਾਂ ਕਿ ਉਹ ਸਮਾਜਿਕ ਸਰੋਕਾਰਾਂ ਵਿੱਚ ਵਿਚਰਦਿਆਂ ਸਮਾਜਿਕ ਚੇਤਨਾ ਦੇ ਪੱਖ ਵਿਚ ਸਿਰਜਣਾ ਦਾ ਦੌਰ ਚਾਲੂ ਰੱਖੇ। ਇਕ ਵਾਰ ਫਿਰ ਮੁਬਾਰਕਬਾਦ।

ਆਮੀਨ

ਸੰਤ ਸਿੰਘ ‘ ਸੋਹਲ ’
ਸਾਨੀਪੁਰ ਰੋਡ ਸਰਹਿੰਦ
ਮੋਬਾ: 93166-25738

ਮੁਹੱਬਤ ਦਾ ਪਾਂਧੀ " ਪਰਗਟ ਰਿਹਾਨ"

ਪਰਗਟ ਇਥ ਮਿਲਾਪੜੇ ਸੁਭਾਅ ਮਿਲਣਸਾਰ ਨੌਜਵਾਨ ਹੈ। ਖੁਦ ਕਿਰਤ ਕਰਕੇ ਦੂਜਿਆਂ ਨੂੰ ਕਿਰਤ ਅਤੇ ਪਿਆਰ ਲਈ ਉਤਸ਼ਾਹਿਤ ਕਰਨ ਵਾਲੇ ਇਸ ਨੌਜਵਾਨ ਦੀ ਮੁਲਾਕਾਤ "ਪੰਜਾਬੀ ਸਹਿਤ ਸਭਾ ਪਟਿਆਲਾ" ਦੀ ਮੀਟਿੰਗ ਦੌਰਾਨ ਹੋਈ। ਇਸ ਦੀ ਤਮੰਨਾ ਸੀ ਕਿ ਉਹਦੀ ਇਹ ਪ੍ਰੇਮ ਕਹਾਣੀ " ਇਸ ਮੋੜ ਤੋਂ ਬਚਕੇ " ਜਲਦੀ ਤੋਂ ਜਲਦੀ ਪਾਠਕਾਂ ਦੇ ਸਨਮੁੱਖ ਹੋਵੇ। ਇਸੇ ਸਬੰਧ ਵਿਚ ਮੈਂ ਆਪਣੇ ਦੁਆਰਾ ਕੁਝ ਉਪਰਾਲਾ ਕੀਤਾ ਅਤੇ ਇਹ ਉਪਰਾਲਾ ਸਾਰਥਿਕ ਹੋ ਨਿਬੜਿਆ। ਉਸ ਦੀ ਕਿਤਾਬ ਅੱਜ ਸਾਡੇ ਹੱਥਾਂ ਵਿਚ ਹੈ। ਪਰਗਟ ਇਕ ਸੂਝਵਾਨ, ਮਿਹਨਤੀ ਨੌਜਵਾਨ ਹੈ। ਆਪਣਿਆਂ ਮਾਪਿਆਂ ਦਾ ਲਾਡਲਾ ਕਿਰਤ ਨੂੰ ਪਿਆਰ ਕਰਨ ਵਾਲਾ ਸਮਾਜਿਕ ਕਦਰਾਂ ਕੀਮਤਾਂ ਦਾ ਧਾਰਨੀ ਸਮਾਜਿਕ ਵਰਤਾਰਿਆਂ ਵਿਚ ਵਿਚਰਨ ਵਾਲ਼ਾ ਇਸ ਕਿਤਾਬ ਦੇ ਪ੍ਰਕਾਸ਼ਨ ਸਮੇਂ ਦੌਰਾਨ ਅਕਸਰ ਉਹ ਮੇਰੇ ਕੋਲ ਸਰਹਿੰਦ ਆਉਂਦਾ। ਉਸ ਦੁਆਰਾ ਮੈਨੂੰ ' ਮੰਮੀ' ਕਹਿਕੇ ਬੁਲਾਉਣਾ ਮੈਨੂੰ ਬਹੁਤ ਹੀ ਚੰਗਾ ਲੱਗਦਾ। ਦਿਲ ਕਰਦਾ ਕਿ ਇਸ ਦੀ ਰਚਨਾ ਨੂੰ ਚਿੱਤ ਲਾ ਕੇ ਪੜ੍ਹਾਂ, ਪ੍ਰੰਤੂ ਕੁਝ ਮਜ਼ਬੂਰੀਆਂ ਵੱਸ ਸ਼ਾਇਦ ਮੈਂ ਇਸ ਨੂੰ ਚੰਗੀ ਤਰ੍ਹਾਂ ਨਹੀਂ ਪੜ੍ਹ ਸਕੀ। ਪ੍ਰੰਤੂ ਫਿਰ ਵੀ ਉਮੀਦ ਹੈ ਕਿ ਉਸ ਦੁਆਰਾ ਲਿਖਤ ਇਹ ਰਚਨਾ ਉਸ ਦੇ ਸੁਭਾਅ ਜਿਹੀ ਨਿੱਘੀ ਸਾਫ਼ ਸੁਥਰੀ ਅਤੇ ਉਸਾਰੂ ਹੋਵੇਗੀ। ਜੋ ਉਸ ਦੀ ਕਲਮ ਨੂੰ ਅਗਾਂਹ ਤੋਰਨ ਵਿਚ ਸਰਥਿਕ ਹੋਵੇਗੀ। ਉਸ ਦੀ ਇਹ ਰਚਨਾ ਪ੍ਰਤੀ ਉਸਨੂੰ ਮੁਬਾਰਕਬਾਦ ਦਿੰਦਿਆਂ ਮੈਂ ਮਾਣ ਮਹਿਸੂਸ ਕਰਦੀ ਹਾਂ ਕਿਉਂਕਿ ਅਜੋਕੇ ਸਮੇਂ ਵਿਚ ਜਿੱਥੇ ਅੱਜ ਦੀ ਨੌਜਵਾਨ ਪੀੜ੍ਹੀ ਨਸ਼ਿਆਂ ਵਿੱਚ ਗ੍ਰਸਤ ਹੋ ਤਬਾਹੀ ਵੱਲ਼ ਜਾ ਰਹੀ ਹੈ ਉੱਥੇ ਇਹ ਨੌਜਵਾਨ ਸਾਹਿਤ ਦੀ ਮਿਸ਼ਾਲ ਲੈ ਕਲਮ ਦੇ ਸਫ਼ਰ ਵਿੱਚ ਸਮਾਜ ਪ੍ਰਤੀ ਚੇਤਨਾ ਰੱਖਦਾ ਹੈ। ਇਸ ਰਚਨਾਂ ਪ੍ਰਤੀ ਉਸ ਦਾ ਸਮੁੱਚਾ ਪਰਿਵਾਰ ਅਤੇ ਉਸਦੇ ਦੋਸਤ ਵਧਾਈ ਦੇ ਹੱਕਦਾਰ ਹਨ। ਸੋ ਉਸ ਦੀ ਇਸ ਕਿਤਾਬ ਦੀ ਆਮਦ ਉੱਤੇ ਮੇਰੇ ਵੱਲੋਂ ਉਸਨੂੰ ਮੁਬਾਰਕਬਾਦ।

ਸੁਰਿੰਦਰ ਕੌਰ ਬਾੜ੍ਹਾ
ਸਰਹਿੰਦ (ਫਗਸ)

ਅਸੀਂ ਪਿਆਰ ਮੁਹੱਬਤ ਨੂੰ ਹਮੇਸ਼ਾਂ ਹੀ ਅੱਖੋਂ ਓਹਲੇ ਕਰਦੇ ਆਏ ਹਾਂ, ਜਾਂ ਆਖ਼ ਲਈਏ ਸਾਡੇ ਅਧੁਨਿਕ ਸਮਾਜ ਵਿੱਚ ਵੀ ਉੱਚ-ਨੀਚ, ਜਾਤ-ਪਾਤ, ਧਰਮ-ਗੋਤ ਅੱਜ ਵੀ ਦੀਵਾਰ ਬਣ ਖੜ੍ਹੇ ਹਨ। ਪਰਗਟ ਦੀ ਇਹ ਕਹਾਣੀ ਵੀ ਇਸੇ ਪੱਖ ਦੀ ਪੈਰਵਾਈ ਕਰਦੀ ਹੈ। ਸਦੀਆਂ ਵਧੀ ਅਸੀਂ ਪਿਆਰ ਦੇ ਕਿੱਸੇ ਭਾਵੇਂ ਬਹੁਤ ਹੀ ਆਦਰ ਅਤੇ ਸਤਿਕਾਰ ਨਾਲ ਪੜ੍ਹਦੇ ਹਾਂ, ਪ੍ਰੰਤੂ ਆਪਣੇ ਬੱਚਿਆਂ ਨੂੰ ਸਮਾਜਿਕ ਬੰਧਨਾਂ ਤੋਂ ਮੁਕਤ ਨਹੀਂ ਕਰ ਸਕਦੇ। ਇਹੋ ਕਾਰਨ ਹੈ ਕਿ ਜਿੱਥੇ ਮੁਹੱਬਤ ਵਿਚ ਹੀਰ-ਰਾਂਝੇ , ਸੱਸੀ-ਪੁਨੂੰ ਅਤੇ ਸੋਹਣ ਮਾਹੀਵਾਲ ਨੂੰ ਆਪਣੇ ਪ੍ਰਾਣਾਂ ਦੀ ਅਹੁੱਤੀ ਦੇਣੀ ਪਈ ਉੱਥੇ ਅੱਜ ਦੇ ਅਧੁਨਿਕ ਦੌਰ ਵਿਚ ਵੀ ਅਜਿਹ ਕਿੱਸੇ ਆਮ ਵਾਪਰ ਰਹੇ ਹਨ ਜਿੱਥੇ ਸਮਾਜ ਅੰਦਰ ਕੰਨਿਆਂ ਭਰੂਣ ਹੱਤਿਆ ਜਿਹੀਆਂ ਬੁਰਿਆਈਆਂ ਦਾ ਦੌਰ ਬਰਕਰਾਰ ਹੈ ਮੈਂ ਸਮਝਦਾ ਹਾਂ ਕਿ ਇਯ ਵਿਚ ਕੁੱਛ ਹੱਦ ਤੱਕ ਅਣਖ਼ ਅਤੇ ਇੱਜ਼ਤ ਲਈ ਫੌਕੀ ਸ਼ੋਹਰਤ ਦੀ ਮਾਨਸਿਕਤਾ ਵੀ ਭਾਰੂ ਹੈ। ਅਸੀਂ ਨਹੀਂ ਚਾਹੁੰਦੇ ਸਾਡੀ ਧੀ ਕਿਸੇ ਗ਼ੈਰ ਨਾਲ਼ ਆਪਣੀ ਮਰਜੀ ਦੇ ਸਬੰਧ ਬਣਾ ਘੁੰਮੇ ਫਿਰੇ ਜਾਂ ਪਿੰਡ ਦੀ ਕੋਈ ਕੁੜੀ ਆਪਣੇ ਪਿੰਡ ਵਿੱਚ ਵਿਆਹ ਕਰਵਾਏ। ਇਸੇ ਲਈ ਪਿਛਲੇ ਕੁਝ ਕੁ ਸਮੇਂ ਦੌਰਾਨ ਖਾਪ ਪੰਚਾਇਤਾਂ ਵੱਲੋਂ ਦਿੱਤੇ ਗਏ ਫੈਸਲੇ ਇਸ ਦੀ ਮੂੰਹ ਬੋਲਦੀ ਤਸਵੀਰ ਹਨ। ਅੱਜ ਵੀ ਆਪਣੀ ਮਰਜ਼ੀ ਨਾਲ ਇਕੱਠਿਆਂ ਜੀਣ ਵਾਲਿਆਂ ਜੋੜਿਆਂ ਨੂੰ ਜਾਂ ਤਾਂ ਕਤਲ ਕਰ ਦਿੱਤਾ ਜਾਂਦਾ ਹੈ ਜਾਂ ਉਹਨਾਂ ਦੇ ਪਰਿਵਾਰਾਂ ਨੂੰ ਸਮਾਜਿਕ ਸ਼ੋਸਣ ਦਾ ਸ਼ਿਕਾਰ ਹੋਣਾ ਪੈਂਦਾ ਹੈ ।

# ਇਸ ਮੋੜ ਤੋਂ ਬਚ ਕੇ

ਚਿਖ਼ਾ ਵਿਚੋਂ ਨਿਕਲਦੇ ਅੱਗ ਦੇ ਭਾਂਬੜ ਨੂੰ ਤੱਕ ਮੇਰਾ ਦਿਲ ਪਸੀਜ ਕੇ ਰਿਹ ਗਿਆ, ਦੂਜੇ ਹੀ ਪਲ਼ ਮੇਰੀਆਂ ਅੱਖਾਂ ਅੱਗੇ ਸਰਵ ਦਾ ਚਿਹਰਾ ਘੁੰਮਣ ਲੱਗਾ। ਉਹ ਆਖ ਰਿਹਾ ਸੀ " ਯਾਰ ਆ ਬੈਠ ਤੈਨੂੰ ਆਪਣੀ ਮੁਹੱਬਤ ਦੀ ਕਹਾਣੀ ਸੁਣਾਵਾਂ " ਤੇ ਦੂਜੇ ਹੀ ਪਲ ਮੈਂ ਉਨ੍ਹਾਂ ਰਾਹਾਂ ਵਿੱਚ ਖੋ ਗਿਆ। ਦਿਲ ਦੇ ਅੰਦਰ ਅਨੇਕਾਂ ਸਵਾਲਾਂ ਨੇ ਖਲਬਲੀ ਜਿਹੀ ਮਚਾਈ ਹੋਈ ਸੀ।

ਅਚਾਨਕ ਮੇਰੀ ਨਜ਼ਰ ਉਸ ਜਗ੍ਹਾ ਤੇ ਪਈ ਜਿਥੇ ਉਸਦੀ ਮੋਟਰਾਂ ਦੀ ਦੁਕਾਨ ਸੀ 'ਤੇ ਉਹ ਐਵੇਂ ਹੀ ਆਪਣੇ ਸਰੀਰ ਦੀ ਪ੍ਰਵਾਹ ਕੀਤੇ ਬਿਨਾਂ

ਖੇਤਾਂ ਵਿੱਚ ਖੂਹੀਆਂ 'ਚ ਮੋਟਰਾਂ ਪਾਉਂਦਾ ਫਿਰੀ ਜਾਂਦਾ। ਇਸ ਪਿੰਡ ਵਿੱਚ ਉਸਦਾ ਕਾਫ਼ੀ ਵਧੀਆ ਕੰਮ ਸੀ। ਕਹਿੰਦੇ ਨੇ ਹਰ ਆਦਮੀ ਦਾ ਕੰਮ ਉਸ ਦੇ ਸੁਭਾਅ ਤੋਂ ਵਧੀਆ ਚਲਦਾ ਏ। ਉਸਦੇ ਪਿਉ ਦੀ ਵੀ ਪਿੰਡ ਵਿੱਚ ਵਧੀਆ ਇੱਜ਼ਤ ਸੀ ਸਰਵ ਦਾ ਸੁਭਾਅ ਵੀ ਕਾਫੀ ਮਿਲਾਪੜਾ ਸੀ, ਉਸ ਦਾ ਬੋਲਣ ਦਾ ਅੰਦਾਜ਼ ਕਿਆ ਬਾਤ, ਹਾਸੇ ਮਜ਼ਾਕ ਉਸ ਦੀ ਜ਼ਿੰਦਗੀ ਦੇ ਸਹਾਰੇ ਸਨ। ਕੋਈ ਸੋਚ ਵੀ ਨਹੀਂ ਸਕਦਾ ਸੀ ਕਿ ਉਹ ਮੁਹੱਬਤ ਵਿੱਚ ਪਾਗਲਪਣ ਦੀਆਂ ਹੱਦਾਂ ਪਾਰ ਕਰ ਜਾਵੇਗਾ। ਪਰ ਕਿਸੇ ਦੀ ਜ਼ਿੰਦਗੀ 'ਚ ਕੋਈ ਹੋਣੀ ਲਿਖੀ ਹੋਵੇ ਤਾਂ ਉਹ ਹੋ ਕੇ ਰਹਿੰਦੀ ਹੈ। ਉਸ ਦੀ ਦੁਕਾਨ ਪਿੰਡ ਦੇ ਵੱਡੇ ਅੱਡੇ ਤੇ ਸੀ, ਅਤੇ ਉਸ ਦੇ ਘਰ ਸਾਹਮਣੇ ਕਈ ਘਰ ਛੱਡ ਕੇ ਇੱਕ ਕੁੜੀ ਦਾ ਘਰ ਸੀ ਜਿਸ ਦਾ ਨਾਮ ਪ੍ਰੀਤ ਸੀ ਅਤੇ ਉਹ ਬੀ.ਏ. ਫਸਟ ਦੀ ਵਿਦਿਆਰਥਣ ਸੀ ਅਤੇ ਗਰਲ ਕਾਲਜ ਵਿੱਚ ਪੜ੍ਹਦੀ ਸੀ। ਪਿੰਡ ਵਿੱਚ ਕੋਈ ਕਾਲਜ ਨਾ ਹੋਣ ਕਾਰਨ ਪਿੰਡਾਂ ਦੀਆਂ ਕੁੜੀਆਂ ਨੂੰ ਸ਼ਹਿਰ ਵਿੱਚ ਪੜ੍ਹਨ ਜਾਦਾ ਪੈਂਦਾ ਅਤੇ ਸ਼ਹਿਰ ਕੁੜੀਆਂ ਲਈ ਵੱਖਰਾ ਕਾਲਜ ਸੀ।

ਕੁੜੀਆਂ ਨੂੰ ਕੁੜੀਆਂ ਦੇ ਕਾਲਜ ਹੀ ਲਾਇਆ ਜਾਂਦਾ। ਉਸ ਮੁਟਿਆਰ ਦਾ ਘਰ ਇਕ ਸਾਇਡ ਤੇ ਸੀ ਤੇ ਕਾਲਜ ਜਾਣ ਲਈ ਸਾਰੀਆਂ ਕੁੜੀਆਂ ਸਰਵ ਦੀ ਦੁਕਾਨ ਦੇ ਅੱਗਿਓਂ ਬਸ ਚੜ੍ਹਦੀਆਂ। ਸਰਵ ਹਰ ਰੋਜ਼ ਉਨ੍ਹਾਂ ਕੁੜੀਆਂ ਨੂੰ ਵੇਖਦਾ ਪਰ ਉਸਦੀ ਨਜ਼ਰ ਹਰ ਵਾਰ ਪ੍ਰੀਤ ਤੇ ਜਾ ਕੇ ਰੁੱਕ ਜਾਂਦੀ। ਉਹ ਪ੍ਰੀਤ ਨੂੰ ਮਨ ਹੀ ਮਨ ਬਹੁਤ ਪਸੰਦ ਕਰਨ ਲੱਗਾ ਸੀ। ਕਈ ਵਾਰ ਉਹ ਸੋਚਦਾ ਕਿ ਉਹ ਕੁੜੀ ਕਦੇ ਉਸ ਨਾਲ ਗੱਲ਼ ਕਰੇਗੀ ਵੀ। ਕਿਉਂਕਿ ਉਹ ਉਸ ਵੱਲ ਦੇਖਦੀ ਵੀ ਨਾ। ਸ਼ਾਇਦ ਉਸ ਦਾ ਧਿਆਨ ਸਿਰਫ਼ ਪੜ੍ਹਾਈ ਵਿਚ ਸੀ

ਗੋਰਾ ਰੰਗ, ਸੰਗ, ਸ਼ਰਮ ਜਿਉਂ ਉਸਦੇ ਗਹਿਣੇ ਸਨ। ਇੰਜ ਜਾਪਦਾ ਸੀ ਉਸਨੂੰ ਪਿਆਰ ਨਾਮ ਦੇ ਸ਼ਬਦ ਤੋਂ ਨਫ਼ਰਤ ਸੀ। ਉਸਨੇ ਕਦੇ ਸੋਚਿਆ ਵੀ ਨਹੀਂ ਹੋਣਾ ਕਿ ਉਹ ਕਿਸੇ ਨੂੰ ਪਿਆਰ ਵੀ ਕਰੇਗੀ। ਪ੍ਰੰਤੂ ਇਸ ਕਮਲੇ ਦਿਲ ਦਾ ਕੀ ਭਰੋਸਾ। ਸਰਵ ਦਾ ਉਸ ਵੱਲ਼ ਹੋਰ ਰੋਜ਼ ਤੱਕਣਾ, ਤੇ ਅੱਖਾਂ-ਅੱਖਾਂ ਵਿਚ ਗੱਲ ਕਰਨਾ ਉਸ ਨੂੰ ਅਜ਼ੀਬ ਜਿਹਾ ਲਗਦਾ।

**"ਇਸ਼ਕ ਝਨਾ ਜਦੋਂ ਠਾਠਾਂ ਮਾਰੇ,**
**ਧੜਕਣ ਵਧਦੀ ਜਾਏ।**
**ਯਾਰ ਮਿਲਣ ਦੀ ਤਾਂਘ ਦਿਲਾਂ ਨੂੰ**
**ਘੁਣ ਜਿਉ ਵੱਢ ਵੱਢ ਖਾਏ।"**

ਪਹਿਲਾਂ ਪਹਿਲ ਤਾਂ ਪ੍ਰੀਤ ਨੂੰ ਉਸਦਾ ਰੋਜ਼ ਰੋਜ਼ ਦੇਖਣਾ ਸ਼ਾਇਦ ਚੰਗਾ ਨਹੀਂ ਲੱਗਦਾ ਸੀ, ਪਰ ਸਰਵ ਦੇ ਇਸ ਪਾਗ਼ਲਪਨ ਨੇ ਉਸਨੂੰ ਸੋਚਣ ਲਈ ਮਜ਼ਬੂਰ ਕਰ ਦਿੱਤਾ ਕਿ ਮੈਂ ਇਸ ਮੁੰਡੇ ਦਾ ਕੀ ਕਰਾਂ। ਉਸਨੂੰ ਜਾਪਦਾ ਜਿਵੇਂ ਇਹ ਤਾਂ ਮੇਰੇ ਪਿੱਛੇ ਹੀ ਪੈ ਗਿਆ ਹੋਵੇ।

ਹੋਲ਼ੀ-ਹੋਲ਼ੀ ਸਰਵ ਦੇ ਖ਼ਿਆਲ ਉਸ ਦੇ ਸੁਪਨਿਆਂ ਦਾ ਸ਼ਿੰਗਾਰ ਬਣਨ ਲਗੇ, ਪਰ ਹਾਲ਼ੇ ਵੀ ਉਸਨੇ ਹਾਂ ਨਾ ਕੀਤੀ ਸੀ ਨਾ ਹੀ ਸਰਵ ਨੇ ਉਸਨੂੰ ਕਦੇ ਕੁਝ ਕਿਹਾ ਸੀ। ਉਸਨੂੰ ਇਹ ਜ਼ਰੂਰ ਮਹਿਸੂਸ ਹੋਣ ਲੱਗਾ ਸੀ ਕਿ ਪ੍ਰੀਤ ਵੀ ਉਸਨੂੰ ਪਸੰਦ ਕਰਨ ਲੱਗੀ ਹੈ। ਉਹ ਹਾਲ਼ੇ ਵੀ ਸਵਾਲਾਂ 'ਚ ਹੀ ਖ਼ੜਾ ਸੀ ਕਿ ਕੀ ਕਰਾਂ ਤੇ ਕੀ ਨਾ ਕਰਾਂ ਉਸ ਨੇ ਆਪਣੀਆਂ ਸਾਰੀਆਂ ਕਮਜੋਰੀਆਂ ਦੂਰ ਕਰਨੀਆਂ ਸ਼ੁਰੂ ਕਰ ਦਿੱਤੀਆਂ। ਉਹ ਸੋਚਦਾ ਕਿ ਉਸ ਅੰਦਰ ਕੋਈ ਵੀ ਕਮੀ ਨਾ ਹੋਵੇ ਜੋ ਉਸਨੂੰ ਉਸ ਤੋਂ ਵੱਖ ਕਰ ਦੇਵੇ।

**" ਮੁੱਖ ਸਜਨਾ ਦਾ ਅੱਖੀਆਂ ਭਾਵੇ**
**ਤੱਕ ਕਮਲੀ ਹੋ ਜਾਵਾਂ।**
**ਬਿਨ ਤਕਿਆਂ ਮੈਨੂੰ ਚੈਨ ਨਾ ਆਵੇ**
**ਪਲ਼ ਪਲ਼ ਮਰਦੀ ਜਾਵਾਂ**
**ਰੋਗ ਬ੍ਰਿਹਾ ਦਾ ਹੱਡੀਆਂ ਲਗਾ**
**ਕਿਸ ਨੂੰ ਦਰਦ ਸੁਣਾਵਾਂ ।"**

ਦਿਲ ਦਾ ਰਿਸ਼ਤਾ ਬੜਾ ਹੀ ਅਜੀਬ ਹੁੰਦਾ ਏ ਜਦ ਕਿਸੇ ਨੂੰ ਦਿਲ ਦਾ ਜਾਨੀ ਮਿਲਣ ਦੀ ਆਸ ਬੱਝ ਜਾਵੇ। ਉਸ ਲਈ ਉਹ ਰੱਬ ਮਿਲ ਜਾਣ ਦੇ ਬਰਾਬਰ ਜਾਪਦੈ, ਭਾਵੇਂ ਹਾਲੇ ਕੁਝ ਨੀਂ ਹੋਇਆ ਸੀ ਸਿਰਫ਼ ਪਹਿਲਾ ਕਦਮ ਸੀ।

ਕੱਤਕ ਦਾ ਮਹੀਨਾ ਸ਼ੁਰੂ ਹੁੰਦਿਆਂ ਲੋਕ ਝੋਂਨਾ ਕੱਟ ਰਹੇ ਸਨ। ਸਰਵ ਦੇ ਘਰ ਕਣਕ ਕੱਟਣ ਵਾਲ਼ੀ ਕੰਬਾਇਨ ਸੀ ਇਸ ਲਈ ਉਹ ਹਰ ਵਾਰ ਝੋਨੇ ਦਾ ਸੀਜਨ ਲਾਉਂਦਾ। ਇਕ ਦਿਨ ਸਰਵ ਝੋਂਨਾ ਕੱਟਣ ਲਈ ਪ੍ਰੀਤ ਦੇ ਘਰ ਦੇ ਪਿੱਛੇ ਦੇ ਖੇਤਾਂ 'ਚ ਉਹਨਾਂ ਦੀ ਫ਼ਸਲ ਕੱਟਣ ਲਈ ਆਇਆ ਤਾਂ ਉਸਨੇ ਖੇਤ ਵਿਚੋਂ ਪ੍ਰੀਤ ਦੇ ਘਰ ਵੱਲ਼ ਵੇਖਿਆ। ਪ੍ਰੀਤ ਦੇ ਘਰ ਦੀ ਕੰਧ ਕਾਫ਼ੀ ਨੀਵੀਂ ਸੀ, ਸਰਵ ਦੇ ਮਨ ਵਿੱਚ ਉਸਨੂੰ ਦੇਖਣ ਦੀ ਹਰ ਵੇਲ਼ੇ ਹੀ ਤਾਂਘ ਰਹਿੰਦੀ, ਆਪਣੇ ਦਿਲਬਰ ਦਾ ਦੀਦਾਰ ਕਰਨ ਲਈ ਉਹ ਪਾਣੀ ਲੈਣ ਬਹਾਨੇ ਉਸ ਦੇ ਘਰ ਚਲਾ ਗਿਆ, ਉਹ ਕੰਮ ਕਰ ਸੀ। ਉਸ ਨੇ ਸਰਵ ਨੂੰ ਬੜੇ ਪਿਆਰ ਨਾਲ ਦੇਖਿਆ ਤਾਂ ਉਹ ਅੱਖਾਂ-ਅੱਖਾਂ ਵਿੱਚ ਪਿਆਰ ਦਾ ਪੈਗ਼ਾਮ ਛੱਡ ਪਾਣੀ ਲੈ ਵਾਪਸ ਚਲਾ ਗਿਆ। ਅਤੇ ਇਕ ਦੋ ਦਿਨ ਇਸੇ ਤਰ੍ਹਾਂ ਚਲਦਾ ਰਿਹਾ। ਇਕ ਦਿਨ ਸ਼ਾਮ ਸਮੇਂ ਪ੍ਰੀਤ ਨੂੰ ਘਰ ਇਕੱਲੇ ਦੇਖਿਆ ਤਾਂ ਉਸਨੂੰ ਇਸ਼ਾਰਾ ਕੀਤਾ ਤੇ ਇਕ ਪਰਚੀ

ਦਿਖਾਈ ਜਿਸ ਤੇ ਸਰਵ ਨੇ ਆਪਣਾ ਫ਼ੋਨ ਨੰਬਰ ਲਿਖਿਆ ਸੀ ਤੇ ਕੰਧ ਦੇ ਰੱਖ ਦਿੱਤੀ ।

**"ਦਿਲ ਵਿਚ ਲੱਖਾਂ ਹੀ ਸਵਾਲ ਕੀ ਕਰੇ ਇਹ ਇਸ਼ਕ ਕਮੀਨਾ ਏ**
**ਯੇ ਇਸ਼ਕ ਤੋ ਬੜੋ ਬੜੋ ਕੋ ਮਜ਼ਬੂਰ ਕਰ ਦੇਤਾ ਹੈ**
**ਆਪਣੇ ਕਰਮ ਧਰਮ ਸੇ ਦੂਰ ਕਰ ਦੇਤਾ ਹੈ**
**ਚਾਹਤ ਇਤਨੀ ਬੜ ਜਾਤੀ ਹੈ ਉਹਨੇ ਪਾਨੇ ਕੀ**
**ਹੈ ਆਗ ਕਾ ਦਰਿਆ ਲੇਕਿਨ ਮਜਬੂਰ ਕਰ ਦੇਤਾ ਹੈ।"**

ਸ਼ਾਇਦ ਰੱਬ ਨੇ ਉਸ ਦੀ ਸੁਣ ਲਈ ਪ੍ਰੀਤ ਨੇ ਉਸ ਦਾ ਪਹਿਲਾ ਪੈਗ਼ਾਮ ਮਨਜ਼ੂਰ ਕਰ ਲਿਆ ਸੀ, ਆਖ਼ਿਰ ਦੋ ਪਿਆਰ ਕਰਨ ਵਾਲ਼ੇ ਮਿਲ ਹੀ ਗਏ। ਸਮੇਂ ਦੀ ਚਾਲ ਤੇ ਪ੍ਰੀਤ ਦਾ ਪਿਆਰ ਦਿਨੋਂ ਦਿਨ ਪਿਆਰ ਦੀਆਂ ਰਾਹਾਂ ਤੇ ਆਪਣੀ ਰਫ਼ਤਾਰ ਨਾਲ ਚੱਲ ਪਿਆ।

ਮੇਰੇ ਕੋਲ਼ ਬੈਠਾ ਸਰਵ ਆਪਣੇ ਓਹ ਪਿਆਰ ਦੇ ਦਿਨਾਂ ਦੀ ਕਹਾਣੀ ਇਸ ਤਰ੍ਹਾਂ ਸੁਣਾ ਰਿਹਾ ਸੀ ਜਿਵੇਂ ਕੋਈ ਅਖਾੜ੍ਹੇ ਦਾ ਪਹਿਲਵਾਨ ਆਪਣੀ ਛਿੰਝ ਦਾ ਕਿੱਸਾ ਬਿਆਨ ਕਰ ਰਿਹਾ ਹੋਵੇ। ਦੁਕਾਨ ਵਿੱਚ ਬੈਠਿਆਂ ਮੈਨੂੰ ਇੰਝ ਲੱਗ ਰਿਹਾ ਸੀ ਜਿਵੇਂ ਮੈਂ ਕੋਈ ਫਿਲਮ ਦੇਖ ਰਿਹਾਂ ਹੋਵਾਂ। ਉਨ੍ਹਾ ਦਾ ਪਿਆਰ ਗਹਿਰੇ ਸਾਗਰਾਂ ਵਿੱਚ ਟੁੱਭੀਆਂ ਭਰ ਰਿਹਾ ਹੋਵੇ। ਸਰਵ ਲਈ ਜਿਵੇਂ ਉਸ ਦੀ ਮੰਜ਼ਿਲ ਬਹੁਤ ਕਰੀਬ ਹੋਵੇ। ਉਸਨੂੰ ਮੇਰੀ ਦੁਕਾਨ ਤੇ ਬੈਠੇ ਕਾਫ਼ੀ ਸਮਾਂ ਹੋ ਗਿਆ ਸੀ। ਉਸ ਦਾ ਪਿੰਡ ਮੇਰੇ ਪਿੰਡ ਤੋਂ ਘੱਟੋ-ਘੱਟ 25 ਕਿਲੋਮੀਟਰ ਦੀ ਦੂਰੀ 'ਤੇ ਸੀ। ਉਸ ਨੇ ਆਪਣੀ ਗੱਲ਼ ਖ਼ਤਮ ਕਰਦਿਆਂ ਆਖ਼ਿਆਂ- ਮੈਂ ਲੇਟ ਹੋ ਜਾਵਾਂਗਾਂ ਮੈਨੂੰ ਜਾਣਾ ਚਾਹੀਦਾ ਏ," ਮੈਂ ਵੀ ਕਿਹਾ " ਸ਼ਾਇਦ ਹਾਂ ਤੈਨੂੰ ਜਾਣਾ ਚਾਹੀਦੈ। "

ਥੋੜਾ ਮੁਸ਼ਕਰਾ ਕੇ ਉਹ ਮੇਰੇ ਕੋਲੋਂ ਚਲਾ ਗਿਆ, ਮੇਰੇ ਮਨ ਅੰਦਰ ਉਸ ਦੀ ਕਹਾਣੀ ਨੂੰ ਜਾਨਣ ਦੀ ਉਤਸੁਕਤਾ ਵਧਦੀ ਜਾ ਰਹੀ ਸੀ। ਉਸ ਦੀਆਂ ਗੱਲ਼ਾਂ ਸੁਣ ਕੇ ਮੈਨੂੰ ਵੀ ਆਪਣੇ ਦਿਨ ਯਾਦ ਆ ਗਏ ਪਰ ਮੈਂ ਬੀਤੇ ਪਲਾਂ ਵੱਲ਼ ਦੁਬਾਰਾ ਜਾਣਾ ਨਹੀਂ ਚਾਹੁੰਦਾ ਸੀ ਅਤੇ ਆਪਣੇ ਦੁਕਾਨ ਦੇ ਕੰਮ ਵਿੱਚ ਮਗਨ ਹੋ ਗਿਆ। ਸਮਾਂ ਬੀਤ ਗਿਆ ਸ਼ਾਮ ਹੋਈ ਮੈਂ ਰੋਟੀ ਖਾ ਕੇ ਸੌਂ ਗਿਆ ਮੇਰੇ ਦਿਮਾਗ਼ ਵਿੱਚ ਇਕ ਹੀ ਸਵਾਲ ਸੀ ਕਿ ਉਸਦੇ ਅੱਗੇ ਉਸਦਾ ਅਤੇ ਉਸਦੇ ਪਿਆਰ ਦਾ ਕੀ ਹੋਇਆ। ਮੇਰਾ ਦਿਲ ਸੁਣਨ ਲਈ ਬੜਾ ਬੇਚੈਨ ਸੀ, ਮੇਰੇ ਲਈ ਸਵੇਰ ਦਾ ਆਉਣਾ ਇਕ ਲੰਮਾ ਸਫ਼ਰ ਬਣ ਗਿਆ ਸੀ ਸਾਰੀ ਰਾਤ ਇਹ ਹੀ ਸੋਚਦਾ ਖਿਆਲਾਂ ਦੀ ਉਡਾਨ ਭਰਦਾ ਰਿਹਾ---------

ਸੂਰਜ ਡਾਢਾ ਚੜ੍ਹ ਆਇਆ ਸੀ ਕਿਰਨਾਂ ਮੇਰੇ ਮੂੰਹ ਤੇ ਪਈਆਂ ਮੇਰੀ ਅੱਖ਼ ਖ਼ੁੱਲੀ.. ਉੱਠ ਕੇ ਮੂੰਹ ਹੱਥ ਧੋਤਾ ਦੂਕਾਨ ਤੇ ਗਿਆ ਅਤੇ ਸਾਫ਼ ਸਫ਼ਾਈ ਕਰਕੇ ਆਪਣਾ ਕੰਮ ਕਾਜ ਨਿਬੇੜਦਿਆਂ 11 ਵੱਜ ਗਏ ਸਨ। ਮੈਂ ਉਸ ਨੂੰ ਫ਼ੋਨ ਕੀਤਾ ਉਸਨੇ ਕਿਹਾ " ਕਿ ਮੈਂ ਆ ਰਿਹਾ ਹਾਂ," ਮੈਂ ਉਡੀਕ ਹੀ ਰਿਹਾ ਸੀ ਕਿ ਉਹ ਆ ਗਿਆ। ਉਸਦਾ ਦਿਨੋਂ-ਦਿਨ ਘੱਟਦਾ ਸਰੀਰ ਮੇਰੀਆਂ ਅੱਖਾਂ 'ਚ ਭੁਲੇਖੇ ਜਿਹੇ ਪਾ ਰਿਹਾ ਸੀ ਜਿਵੇਂ ਉਸਦਾ ਦੁਨੀਆਂ ਤੇ ਕੁਝ ਬਾਕੀ ਨਹੀਂ ਸੀ ਰਿਹਾ ਉਹ ਮੈਨੂੰ ਆਪਣੀ ਪ੍ਰੀਤ ਕਹਾਣੀ ਦੱਸਣ ਲਈ ਆਉਂਦਾ ਸੀ ਭਾਵੇਂ ਪਤਾ ਨਹੀਂ ਇਹ ਸਭ ਗੱਲਾਂ ਦੱਸ ਕੇ ਉਸਨੂੰ ਸਕੂਨ ਮਿਲਦਾ। ਇਹਨਾਂ ਗੱਲਾਂ ਤੋਂ ਬਾਅਦ ਉਸਨੇ ਮੈਨੂੰ ਦੱਸਿਆ ਜਦੋਂ ਪ੍ਰੀਤ ਨੇ ਉਸਨੂੰ ਫ਼ੋਨ ਕੀਤਾ ਤੇ ਉਸਨੂੰ ਨਵਾਂ ਜਿਹਾ ਨੰਬਰ ਦੇਖ ਕੁੱਝ ਅਜੀਬ ਜਿਹਾ ਮਹਿਸੂਸ ਹੋਇਆ। ਉਹ ਖੇਤ ਵਿੱਚ ਕੰਬਾਇਨ ਚਲਾ ਰਿਹਾ ਸੀ ਫ਼ੋਨ ਤੇ ਬੈੱਲ ਵੱਜੀ, ਤੇ ਉਸਨੇ ਮਸ਼ੀਨ ਰੋਕ ਲਈ ਤੇ ਥੱਲੇ ਉਤਰ ਗਿਆ ਉਹ ਦਿਨ ਸ਼ਨੀਵਾਰ ਤੇ ਨਵੰਬਰ ਦਾ ਮਹੀਨਾ ਸੀ ਉਹ ਉਸ ਲਈ ਬਹੁਤ ਖ਼ਾਸ-----

ਉਸ ਨੇ ਦੁਬਾਰਾ ਫ਼ੋਨ ਕੀਤਾ ਤਾਂ ਅੱਗੋਂ ਪ੍ਰੀਤ ਨੇ ਚੁੱਕਿਆ ਹੈਲੋ ਦੀ ਆਵਾਜ਼ ਆਈ ਸਰਵ ਦਾ ਨਾਮ ਲੈ ਉਸਨੇ ਕਿਹਾ ਮੈਂ ਪ੍ਰੀਤ ਬੋਲ ਰਹੀ ਹਾਂ, ਉਸ ਦੀ ਅਵਾਜ਼ 'ਚੋਂ ਆਪਣਾ ਨਾਮ ਸੁਣ ਉਹ ਪ੍ਰੀਤ ਝਨਾ ਵਿੱਚ ਗੋਤੇ ਖਾਣ ਲਗਾ। ਇੰਝ ਲੱਗ ਰਿਹਾ ਸੀ ਕਿ ਉਹ ਸਦੀਆਂ ਤੋਂ ਉਸਦੀ ਅਵਾਜ਼ ਸੁਣਨ ਲਈ ਤਰਸ ਰਹੀ ਹੋਵੇ। ਉਸਨੇ ਸਰਵ ਨੂੰ ਪਹਿਲਾ ਸਵਾਲ ਕੀਤਾ ਕਿ ਉਹ ਸਭ ਤੋਂ ਵੱਧ ਕਿਸ ਨੂੰ ਪਿਆਰ ਕਰਦਾ ਏ ਤਾਂ ਸਰਵ ਸੋਚਾਂ ਵਿੱਚ ਪੈ ਗਿਆ ਤੇ ਕਿਹਾ ਜਿਸ ਨੇ ਮੈਨੂੰ ਤੇਰੇ ਲਈ ਪੈਦਾ ਕੀਤਾ ਏ, ਉਹ ਏ ਮੇਰੀ ਮਾਂ, ਇਹ ਗੱਲ ਸੁਣ ਕੇ ਪ੍ਰੀਤ ਬਹੁਤ ਹੀ ਖ਼ੁਸ਼ ਹੋਈ ਤੇ ਉਸਨੇ ਕਿਹਾ ਮੈਨੂੰ ਤੇਰੀ ਇਹ ਗੱਲ ਬਹੁਤ ਹੀ ਵਧੀਆ ਲੱਗੀ ਆਖ ਪ੍ਰੀਤ ਨੇ ਆਪਣੇ ਪਿਆਰ ਦਾ ਇਜ਼ਹਾਰ ਕੀਤਾ ਕਿ ਮੈਂ ਵੀ ਤੈਨੂੰ ਬਹੁਤ ਪਿਆਰ ਕਰਦੀ ਹਾਂ। ਉਹ ਗੱਲਾਂ ਵਿੱਚ ਅਜਿਹੇ ਗੁਆਚੇ ਉਨ੍ਹਾਂ ਨੂੰ ਪਤਾ ਹੀ ਨਾ ਲੱਗਾ ਕਦੋਂ ਪ੍ਰੀਤ ਦੀ ਮੰਮੀ ਆ ਗਈ। ਮੰਮੀ ਨੂੰ ਦੇਖ ਪ੍ਰੀਤ ਨੇ ਫ਼ੋਨ ਕੱਟ ਦਿੱਤਾ। ਸਰਵ ਦੇ ਦਿਲ ਨੂੰ ਸਕੂਨ ਮਿਲ ਗਿਆ ਸ਼ੁਕਰ ਏ ਰੱਬਾ ਮੇਰੀ ਝੋਲੀ ਮੇਰਾ ਪਿਆਰ ਪਾਇਆ, ਉਹ ਆਪੇ ਵਿੱਚ ਬੋਲ ਉਠਿਆ ਤੇ ਪ੍ਰੀਤ ਦੇ ਪੈਰ ਵੀ ਧਰਤੀ ਉੱਤੇ ਨਹੀਂ ਲੱਗ ਰਹੇ ਸਨ। ਜਿਵੇਂ ਉਸਨੂੰ ਕੋਈ ਰੱਬ ਮਿਲ ਗਿਆ ਹੋਵੇ ਉਸਦੀ ਚੜ੍ਹਦੀ ਜਵਾਨੀ ਮਹਿਕਾਂ ਖਿਲਾਰ ਰਹੀ ਸੀ ਦਿਲ ਦੀ ਬੰਜਰ ਜ਼ਮੀਨ ਤੇ ਜਿਵੇਂ ਸਦੀਆਂ ਬਾਅਦ ਕੋਈ ਕਲੀ ਖਿਲ ਗਈ ਹੋਵੇ ਜਿਵੇਂ ਉਸਦੇ ਸੁਪਨਿਆਂ ਦਾ ਰਾਜ ਕੁਮਾਰ ਮਿਲ ਗਿਆ ਹੋਵੇ ਤੇ ਹੱਸਦੀ ਨੇ ਕਿਹਾ -

" ਜ਼ਿੰਦਗੀ ਜਿਉਣ ਲਈ ਸੱਜਣਾ
ਸਾਹ ਜ਼ਰੂਰੀ ਏ
ਦੋਸਤੀ ਕਰਨ ਲਈ ਸੱਜਣਾ ਬਾਹ ਜ਼ਰੂਰੀ ਏ
ਤੇਰਾ ਪਿਆਰ ਪਾਉਣ ਲਈ ਸੱਜਣਾ ,
ਤੇਰੀ ਹਾਂ ਜ਼ਰੂਰੀ ਏ।"

ਸਰਵ ਦੀ ਹਾਂ ਨੇ ਪ੍ਰੀਤ ਨੂੰ ਨਵੀਂ ਦੁਨੀਆਂ 'ਚ ਲੈ ਆਂਦਾ। ਪ੍ਰੀਤ ਭਾਵੇਂ ਸਰਵ ਵੱਲ ਘੱਟ ਦੇਖਦੀ ਸੀ ਪਰ ਉਹ ਪਹਿਲਾਂ ਤੋਂ ਹੀ ਉਸਨੂੰ ਪਿਆਰ ਕਰਦੀ ਸੀ ਕਦੇ ਦੱਸ ਨਾ ਸਕੀ ਕਿਉਂਕਿ ਉਸਨੂੰ ਜ਼ਮਾਨੇ ਦਾ ਡਰ ਸੀ ਪਰ ਸਰਵ ਦੇ ਪਿਆਰ ਨੇ ਉਸ ਦੀ ਦੁਨੀਆਂ ਹੀ ਬਦਲ ਦਿੱਤੀ। ਉਹਨਾਂ ਦੀ ਫ਼ੋਨ ਤੇ ਹਰ ਰੋਜ਼ ਗੱਲ ਹੋਣ ਲੱਗੀ। ਪ੍ਰੀਤ ਨੇ ਹਰ ਰੋਜ਼ ਕਾਲਜ ਆਉਣ ਤੋਂ ਬਾਅਦ ਸਰਵ ਨੂੰ ਫ਼ੋਨ ਕਰਨਾ , ਪਿਆਰ ਭਰੀਆਂ ਗੱਲਾਂ ਕਰ ਉਹ ਆਪਣੇ ਆਪ ਨੂੰ ਹਲਕਾ ਮਹਿਸੂਸ ਕਰਦੇ। ਸਮਾਂ ਆਪਣੀ ਰਫ਼ਤਾਰ ਤੇ ਚਲ ਰਿਹਾ ਸੀ ਉਹ ਦੋਵੇਂ ਇਕ ਦੂਜੇ ਵਿਚ ਐਨਾ ਖੋ ਗਏ ਸਨ ਕਿ ਹੋਰ ਦੁਨੀਆਂ ਉਹਨਾਂ ਲਈ ਕੋਈ ਵੀ ਮਾਈਨੇ ਨਾ ਰੱਖਦੀ ਸੀ ਐਤਵਾਰ ਦਾ ਦਿਨ ਸੀ, ਪ੍ਰੀਤ ਸਰਵ ਨਾਲ਼ ਗੱਲ ਕਰ ਰਹੀ ਸੀ ਕਿ ਅਚਨਚੇਤ ਹੀ ਪ੍ਰੀਤ ਦੇ ਚਾਚਾ ਆ ਪਹੁੰਚੇ ਉਨ੍ਹਾਂ ਨੂੰ ਪ੍ਰੀਤ ਤੇ ਕੁਝ ਸ਼ੱਕ ਜਿਹਾ ਹੋਇਆ ਅਤੇ ਉਹ ਉਸਨੂੰ ਸ਼ੱਕ ਦੀ ਨਜ਼ਰ ਨਾਲ਼ ਦੇਖਣ ਲੱਗੇ, ਹਾਲ਼ੇ ਪ੍ਰੀਤ ਤੇ ਸਰਵ ਦੇ ਵਾਰੇ ਕਿਸੇ ਨੂੰ ਪਤਾ ਨਹੀਂ ਸੀ ਪਰ ਪ੍ਰੀਤ ਦੇ ਮਨ ਵਿੱਚ ਇਕ ਡਰ ਜਿਹਾ ਪੈਦਾ ਹੋ ਗਿਆ। ਸਰਵ ਨੇ ਉਸਨੂੰ ਹੌਂਸਲਾ ਦਿੱਤਾ ਤੇ ਉਸ ਦੇ ਜਨਮ ਦਿਨ ਤੇ ਗਿਫ਼ਟ 'ਚ ਮੋਬਾਇਲ ਦਿੱਤਾ ਸੀ ਉਨ੍ਹਾਂ ਦੀ ਉਸ ਦਿਨ ਇਹ ਪਹਿਲੀ ਖੁੱਲ੍ਹੀ ਗੱਲਬਾਤ ਸੀ। ਉਹ ਦੋਵੇਂ ਇਕ ਦੂਜੇ ਦੇ ਐਨਾ ਨਜ਼ਦੀਕ ਆ ਗਏ ਸਨ ਕਿ ਹੁਣ ਪਿਛੇ ਮੁੜਨਾ ਮੁਸ਼ਕਿਲ ਸੀ ਉਸ ਰਾਤ ਸਰਵ ਨੇ ਆਪਣੇ ਸਾਰੇ ਦਿਲ ਦੇ ਅਰਮਾਨ ਉਸ ਨਾਲ਼ ਸਾਂਝੇ ਕੀਤੇ, ਚੰਦ ਚਾਂਨਣੀ ਰਾਤ ਵਿੱਚ ਉਹ ਇੱਕ ਦੂਜੇ ਨੂੰ ਤਕਦੇ ਰਹੇ, ਕਿ ਅੱਖ ਵੀ ਨਹੀਂ ਝੱਪਕੀ ਬਸ ਉਸ ਸੰਗ ਸਭ ਕੁਝ ਜਿਸ ਸੰਗ ਪ੍ਰੀਤ ਹੈ ਰਾਤ ਅੱਧੀ ਬੀਤ ਗਈ ਸੀ 12 ਕੁ ਵਜੇ ਸਰਵ ਪ੍ਰੀਤ ਦੇ ਘਰੋਂ ਚਲਾ ਗਿਆ। ਸਵੇਰ ਹੋਈ ਪ੍ਰੀਤ ਦੀ ਮਾਂ ਨੇ ਪ੍ਰੀਤ ਦੇ ਚਿਹਰੇ ਤੇ ਖ਼ੁਸ਼ੀ ਦੇਖੀ ਤੇ ਕਿਹਾ ਪ੍ਰੀਤ ਅੱਜ ਸਵੇਰੇ ਸਵੇਰੇ ਬੜੀ ਖ਼ੁਸ਼ ਏ, ਕੀ ਲੱਭ ਗਿਆ, ਪ੍ਰੀਤ ਥੋੜਾ ਸ਼ਰਮਾ ਕੇ ਕਮਰੇ ਵਿੱਚ ਚਲੀ ਗਈ। ਪਹਿਲਾਂ ਤਾਂ ਬਲਜੀਤ ਨੂੰ ਸ਼ੱਕ ਜਿਹਾ ਪਿਆ ਫੇਰ ਮਨ ਜਿਹਾ ਮਾਰ ਪ੍ਰੀਤ ਬਾਰੇ ਸੋਚਣ ਲੱਗੀ ਕਿ ਕੀ ਬਣੂਗਾ ਇਸ ਕੁੜੀ ਦਾ ਬਸ ਐਵੇਂ ਹੀ ਖਿੜੀ-ਖਿੜੀ ਜਿਹੀ ਰਹਿਣ ਲੱਗ ਪਈ ਪਹਿਲਾਂ ਤਾਂ ਐਵੇਂ ਨਹੀਂ ਸੀ। ਬਾਹਰੋਂ ਪ੍ਰੀਤ ਦੇ ਪਾਪਾ ਨੇ ਆਉਂਦਿਆਂ ਪੁੱਛਿਆ " ਬਲਜੀਤ ਕਿਹੜੀ ਸੋਚ ਡੁੱਬੀ ਏ , ਧੀਆਂ ਬੇਗਾਨਾ ਧਨ ਹੁੰਦੀਆਂ ਨੇ , ਇਹਨਾਂ

ਤਾਂ ਆਪਣੇ ਘਰ ਜਾਣਾ ਹੀ ਐਂ ।" ਕੁਝ ਪਲ਼ ਨੇ ਮੌਜ ਕਰਨ ਦੇ, ਬਲਜੀਤ ਬੋਲੀ " ਤੁਹਾਨੂੰ ਕਿੰਝ ਪਤਾ ਏ ਮੈਂ ਪ੍ਰੀਤ ਬਾਰੇ ਸੋਚ ਰਹੀ ਸੀ " ਭਾਗਵਾਨੇ ਮਾਂ ਦੇ ਦਿਲ ਵਿੱਚ ਬੱਚਿਆਂ ਦੀ ਸੋਚ ਬਿਨ ਹੋਰ ਕੋਈ ਸਵਾਲ ਨਹੀਂ ਹੁੰਦਾ, ਚਲ ਰਹਿਣ ਦੇ ਰੋਟੀ ਲਿਆ। ਇਹ ਸੁਣ ਬਲਜੀਤ ਨੇ ਪ੍ਰੀਤ ਨੂੰ ਅਵਾਜ਼ ਮਾਰੀ " ਆਪਣੇ ਪਾਪਾ ਲਈ ਪਾਣੀ ਲੈ ਆ " ਪਾਣੀ ਦਾ ਗਲਾਸ ਫੜਾ ਕੇ ਓਹ ਕਾਲਜ ਜਾਣ ਲਈ ਕਹਿੰਦੀ ਹੋਈ ਅੰਦਰ ਵੱਲ ਚਲ ਪਈ ।ਅਤੇ ਮਨ ਹੀ ਮਨ ਸੋਚਣ ਲੱਗੀ—

**" ਕੀ ਹੋਇਆ ਮੇਰੀਆਂ ਨੀਦਾਂ ਨੂੰ**
**ਤੇ ਕਿਥੇ ਮੇਰੇ ਖ਼ੁਆਬ ਗਏ**
**ਮੈਂ ਝੱਲੀ ਹੋਈ ਫਿਰਦੀ ਹਾਂ "**

ਪਿਆਰ ਦੀਆਂ ਰੁੱਤਾਂ ਕਦੋਂ ਜ਼ੋਬਨ ਰੁੱਤੇ ਬਦਲ ਗਈਆਂ ਪਤਾ ਹੀ ਨਹੀਂ ਚੱਲਿਆ। ਸਰਵ ਤੇ ਪ੍ਰੀਤ ਦਿਨੋ-ਦਿਨ ਨਜ਼ਦੀਕ ਹੁੰਦੇ ਜਾ ਰਹੇ ਸਨ। ਮੌਸਮ ਬਦਲ ਗਿਆ, ਗਰਮੀ ਦੀਆਂ ਤੇਜ਼ ਧੁੱਪਾਂ ਪਿਆਰ ਦੀਆਂ ਰਾਹਾਂ ਤੇ ਪਹਿਰਾ ਦੇਣ ਵਾਸਤੇ ਦਿਨੋ-ਦਿਨ ਆਪਣਾ ਰੰਗ ਦਿਖਾਉਣ ਲੱਗੀਆਂ। ਉਨ੍ਹਾਂ ਦੀਆਂ ਮੁਲਾਕਾਤਾਂ ਕਈ ਕਈ ਦਿਨ ਬਾਅਦ ਹੁੰਦੀਆਂ। ਹੁਣ ਸਰਵ ਆਪਣੇ ਕੰਮ ਤੇ ਵੀ ਘੱਟ ਹੀ ਧਿਆਨ ਦੇਣ ਲੱਗਾ ਸੀ, ਹਰ ਵੇਲ਼ੇ ਪ੍ਰੀਤ ਦਾ ਚਿਹਰਾ ਉਸ ਦੀਆਂ ਅੱਖਾਂ ਦੇ ਸਾਹਮਣੇ ਘੁੰਮਦਾ ਰਹਿੰਦਾ ਖੇਤਾਂ ਵਿੱਚ ਕੰਮ ਕਰਦਿਆਂ ਉਸ ਨੂੰ ਇੰਝ ਲਗਦਾ ਜਿਵੇਂ ਉਹ ਹਰ ਪਲ਼ ਉਸਦੇ ਸਾਹਮਣੇ ਹੋਵੇ। ਉਸ ਦਾ ਪਿਆਰ ਹਕੀਕੀ ਸੀ। ਉਸ ਦਾ ਪ੍ਰੀਤ ਨਾਲ ਪਿਆਰ ਹੋਣ ਕਰਕੇ ਉਹ ਵੀ ਪ੍ਰੀਤ ਦੇ ਮਾਪਿਆਂ ਵਿਚੋਂ ਆਪਣੇ ਰਿਸ਼ਤੇ ਲੱਭਣ ਲੱਗਾ ਸੀ ਪ੍ਰੀਤ ਹਰ ਰੋਜ਼ ਕਾਲਜ ਜਾਂਦੀ ਜਦੋਂ ਕਦੇ ਉਸ ਨੂੰ ਸਰਵ ਦੀ ਦੁਕਾਨ ਬੰਦ ਮਿਲਦੀ—ਉਹ ਉਦਾਸ ਹੋ ਜਾਂਦੀ ਕਾਲਜ ਵਿੱਚ ਸਾਰਾ ਦਿਨ ਉਦਾਸ ਰਹਿੰਦੀ ਕਿਉਂਕਿ ਪ੍ਰੀਤ ਦਾ ਸੂਰਜ ਤਾਂ ਸਰਵ ਸੀ। ਕਾਲਜ ਵਿਚ ਉਸ ਦੀ ਸਭ ਤੋਂ ਪਿਆਰੀ ਸਹੇਲੀ ਅੰਬਰ ਸੀ ਕਿਰਨ, ਪ੍ਰੀਤ ਤੇ ਅੰਬਰ ਤਿੰਨੇ ਸਾਰੀਆਂ ਪੱਕੀਆਂ ਸਹੇਲੀਆਂ ਸਨ। ਉਨ੍ਹਾਂ ਦੀਆਂ ਗੱਲ਼ਾਂ ਬਸ ਇਹ ਹੀ ਸਨ ਕਿ ਸਰਵ ਦਾ ਕੀ ਹਾਲ ਐ ?---ਉਹ ਉਹਨਾਂ ਲਈ ਹੀਰ ਰਾਂਝੇ ਨਾਲੋਂ ਘੱਟ ਨਹੀ ਸਨ ਕਿਉਂਕਿ ਪ੍ਰੀਤ ਦੀ ਜ਼ੁਬਾਨ ਉੱਤੇ ਸਰਵ ਹੀ ਰਹਿੰਦਾ ਸਿਆਣੇ ਕਹਿੰਦੇ ਨੇ ਪਾਗ਼ਲਪਨ ਦੀ ਕੋਈ ਹੱਦ ਨਹੀਂ ਹੁੰਦੀ, ਉਹ ਵੀ ਸਭ ਹੱਦਾਂ ਪਾਰ ਕਰ ਚੁੱਕੇ ਸਨ ਸਾਰੀ ਸਾਰੀ ਰਾਤ ਫ਼ੋਨ ਤੇ ਗੱਲਾਂ ਕਰਨਾਂ ਉਹਨਾਂ ਦੀ ਆਦਤ ਬਣ ਗਈ ਸੀ। ਉਹਨਾਂ ਦੇ ਸੁਪਨੇ ਉਸ ਹੱਦ ਤੱਕ ਚਲੇ ਗਏ ਕਿ ਸੁਪਨਿਆਂ ਦੇ ਘਰ ਬਣਾਉਣ ਲਗ ਪਏ ਸਨ। ਪ੍ਰੀਤ ਨੇ ਆਪਣੀ ਜਿੰਦਗੀ 'ਚ ਉਹ ਘਰ ਕਰ ਚੁੱਕਾ ਸੀ ਇਸ ਲਈ ਉਹਨਾਂ ਨੇ

ਆਪਣੇ ਘਰ ਬਣਾਉਣ ਵਾਸਤੇ ਗੱਲਾਂ ਕਰਨੀਆਂ ਤੇ  ਹੱਸਦੀ-ਹੱਸਦੀ ਨੇ ਕਹਿਣਾ ਕਿ ਸਰਵ ਆਪਾਂ ਨੇ ਇਕ ਬੇਟੀ ਨੂੰ ਜਨਮ ਦੇਣਾ ਹੈ, ਜਿਸ ਦਾ ਨਾ ਆਪਾਂ ਨੇ ਖ਼ੁਸ਼ੀ ਰੱਖਣਾਂ ਏ ਉਹ ਇਹ ਸੋਚਦੀ ਅਸੀਂ ਕਦੋਂ ਇੱਕ ਹੋ ਆਪਣਾ ਸੰਸਾਰ ਵਸਾਈਏ ਬਸ ਇਹ ਹੀ ਗੱਲਾਂ ਉਸ ਦਾ ਸੁਪਨਾ ਬਣ ਗਈਆਂ ਸਨ, ਸਰਵ ਉਸ ਦੀ ਮੰਜ਼ਿਲ ਸੀ ਪਰ ਐਨਾ ਸੌਖਾ ਨਹੀਂ ਸੀ ਪਿਆਰ ਨੂੰ ਪਾਉਣਾ.. "ਰੂਹ ਲੱਗ ਜਾਂਦੀ ਦਾਅ ਤੇ ਇਸ਼ਕ ਦੇ ਬਜ਼ਾਰ ਵਿਚ ਐਨਾ ਸੌਖਾ ਨਹੀਂ, ਕਿਸੇ ਦੇ ਕਰੀਬ ਯਾਰਾ ਆਉਣਾ" ਪਰ ਕਿਸਮਤ ਕਿਸੇ ਦੀ ਕਦੋਂ ਬਦਲ ਜਾਵੇ ਪਤਾ ਨਹੀਂ ਲੱਗਦਾ ਉਨ੍ਹਾਂ ਉਸ ਰੱਬ ਤੇ ਛੱਡ ਪਿਆਰ ਨੂੰ ਆਪਣਾ ਸਫ਼ਰ ਬਣਾ ਲਿਆ ਸੀ .. ਪ੍ਰੀਤ ਹਰ ਰੋਜ਼ ਗੁਰਦੁਆਰੇ ਜਾਂਦੀ ਹਰ ਵਾਰ ਇਹ ਹੀ ਦੁਆ ਕਰਦੀ  ਕਿ ਹੇ ਰੱਬਾ ਮੇਰੀ ਝੋਲੀ ਮੇਰਾ ਪਿਆਰ ਪਾ ਦੇਵੀਂ ਹੋਰ ਕੁਝ ਵੀ ਨਾ ਮੰਗਾਂ ਤੇਰੇ ਕੋਲੋਂ---

ਸਰਵ ਵੀ ਹੁਣ ਕੰਮਾਂ ਕਾਰਾਂ ਵਿਚ ਥੋੜਾ ਉਲਝ ਗਿਆ ਸੀ, ਕਣਕ ਦੀ ਤੂੜੀ ਵਾਲ਼ੀ ਮਸ਼ੀਨ ਲੈ ਕੇ ਸਰਵ ਨੂੰ ਹਰਿਆਣੇ 'ਚ ਜਾਣਾ ਪਿਆ ਐਨੀ ਦੂਰ ਜਾਣ ਤੋਂ ਬਾਅਦ ਵੀ ਸਰਵ ਦਾ ਧਿਆਨ ਪ੍ਰੀਤ ਵੱਲ਼ ਰਹਿੰਦਾ ਕੰਮ ਕਰਦੇ ਦੀਆਂ ਨਜ਼ਰਾਂ ਸਿਰਫ਼ ਫ਼ੋਨ ਵਿੱਚ ਹੀ ਰਹਿੰਦੀਆਂ, ਉਧਰ ਕਦੇ ਕਦੇ ਸਾਰਾ ਸਾਰਾ ਦਿਨ ਪ੍ਰੀਤ ਉਸਨੂੰ ਫ਼ੋਨ ਕਰੀਂ ਜਾਂਦੀ ਉਹ ਅੱਕ ਜਾਂਦਾ ਕਹਿੰਦਾ "ਤੂੰ ਫ਼ੋਨ ਨਾ ਕਰਿਆ ਕਰ ਮੈਨੂੰ ਸਾਰਾ ਦਿਨ ਤੰਗ ਕਰੀਂ ਜਾਨੀਂ ਏਂ, ਮੈਂ ਨਹੀਂ ਤੇਰੇ ਨਾਲ ਬੋਲਦਾ" ਗੁੱਸੇ ਵਿਚ ਆ ਕੇ ਫ਼ੋਨ ਕੱਟ ਦਿੰਦਾ ਉਸ ਨਾਲ਼ ਗੁੱਸੇ ਹੋ ਜਾਂਦਾ ਤਾਂ ਪ੍ਰੀਤ ਉਸਨੂੰ ਆਪਣੀ ਸਹੁੰ ਖਵਾ ਦੇਂਦੀ, ਪਰ ਓਹ ਨਹੀਂ ਮੰਨਦਾ ਫਿਰ ਮੈਸਿਜ ਭੇਜ ਮਨਾ ਲੈਂਦੀ---"

ਪ੍ਰੀਤ ਦਾ ਉਸ ਬਿਨਾਂ ਪਲ਼ ਵੀ ਦਿਲ ਨਾ ਲੱਗਦਾ ਉਹਨੂੰ ਮਿਲਣ ਲਈ ਕਹਿੰਦੀ ਤਾਂ ਉਹ ਉਸ ਨੂੰ ਮਿਲਣ ਲਈ ਉੱਥੋਂ ਰਾਤਾਂ ਨੂੰ ਆਉਂਦਾ ਤੇ ਸਵੇਰੇ ਚਲਾ ਜਾਂਦਾ। ਸਰਵ ਦੀ ਜਿੰਦਗੀ ਇਕ ਰੇਲ ਵਾਂਗ ਬਣ ਗਈ ਸਾਰਾ ਸਾਰਾ ਦਿਨ ਕੰਮ ਕਰਨਾਂ ਰਾਤ ਨੂੰ ਪ੍ਰੀਤ ਨੂੰ ਮਿਲਣ ਜਾਣਾ ਤਾਂ ਸਰਵ ਦਾ ਪਾਪਾ ਉਸਨੂੰ ਘੂਰਦਾ ਕਹਿੰਦਾ ਸਾਰਾ ਦਿਨ ਫ਼ੋਨ ਤੇ ਗੱਲ਼ਾਂ ਨੀ ਮੁਕਦੀਆਂ ਫਿਰ ਰਾਤ ਨੂੰ ਘਰ ਚਲਾ ਜਾਂਦਾ ਏ ਕੀ ਕਰਦਾ ਏ, ਤਾਂ ਉਹ ਪਾਪਾ ਨੂੰ ਬਹਾਨਾ ਜਿਹਾ ਮਾਰ ਕੇ ਟਾਲ ਦਿੰਦਾ, ਉਨ੍ਹਾਂ ਦੀਆਂ ਮੁਲਾਕਾਤਾਂ ਦਾ ਸਿਲਸਿਲਾ ਲਗਾਤਾਰ ਜਾਰੀ ਰਿਹਾ। ਉਸਦਾ ਪ੍ਰੀਤ ਨੂੰ ਮਿਲਣਾ ਉਸਦੀ ਇਕ ਆਦਤ ਜਿਹੀ ਬਣ ਗਈ ਸੀ, ਕਿਉਂਕਿ ਪ੍ਰੀਤ ਦਾ ਉਸ ਬਿਨਾਂ ਜੀਅ ਨਹੀਂ ਲਗਦਾ ਸੀ, ਅਚਾਨਕ ਹੀ ਉਹ ਮੇਰੇ ਕੋਲ ਬੈਠਾ ਹੱਸਣ ਲੱਗ ਪਿਆ, ਉਸ ਦਾ ਹਾਸਾ ਅਜ਼ੀਬ ਜਿਹਾ ਸੀ ਮੈਨੂੰ

ਸਮਝ ਨਾ ਆਈ ਕਿਸ ਗੱਲ਼ ਤੇ ਹੱਸ ਰਿਹਾ ਹੈ ਤੇ ਕਿਸ ਗੱਲ਼ ਤੇ ਰੋ ਰਿਹਾ ਏ, ਮੈਂ ਪੁੱਛਿਆ " ਯਾਰ ਕੀ ਹੋਇਆ " ਕਹਿਣ ਲੱਗਾ

" ਯਾਰ ਤੂੰ ਮੇਰੇ ਲਈ ਇਹ ਸਭ ਕਿਉਂ ਕਰ ਰਿਹਾ ਏਂ "

" ਮੇਰੇ ਲਈ ਇਹ ਲਿਖ ਰਿਹਾ ਏਂ, " ਆਪਣਾ ਟਾਇਮ ਖ਼ਰਾਬ ਕਰ ਰਿਹਾ ਏ " ਮੈਂ ਪਾਗ਼ਲ ਹੋ ਹੀ ਗਿਆ ਉਸ ਕੁੜੀ ਲਈ " ਤੂੰ ਕੀ ਕਰੇਗਾਂ ਇਹ ਸਭ ਕਰਕੇ ਮੈਂ ਤਾਂ ਹੱਸ ਰਿਹਾ ਹਾਂ--" ਮੈਂ ਰੋ ਇਸ ਕਰਕੇ ਰਿਹਾ ਹਾਂ ਕਿ ਤੂੰ ਮੇਰੇ ਕਰਕੇ ਐਨੀ ਮਿਹਨਤ ਕਰ ਰਿਹਾ ਏਂ ਮੈਂ ਕਿਹਾ ਤੇਰਾ ਯਾਰ ਹਾਂ ਮੈਂ ਨੀਂ ਸੁਣੂੰਗਾ ਤਾਂ ਕੌਣ ਸੁਣੇਗਾ, ਯਾਰ ਮੈਂ ਕੋਈ ਅਹਿਸਾਨ ਨਹੀਂ ਕਰ ਰਿਹਾ ਬਸ ਆਪਣਾ ਫ਼ਰਜ ਨਿਭਾ ਰਿਹਾ ਹਾਂ ਬਸ ਯਾਰ ਹੋਰ ਦੱਸ ਅੱਗੇ ਕੀ ਹੋਇਆ ?

ਗੱਲ਼ਾਂ ਹੁੰਦੀਆਂ ਗਈਆਂ ਸੀਜ਼ਨ ਖ਼ਤਮ ਹੋ ਗਿਆ, ਸਰਵ ਆਪਣੇ ਘਰ ਆ ਗਿਆ ਇਕ ਦੋ ਦਿਨ ਫ਼ੋਨ ਤੇ ਗੱਲ਼ਾਂ ਹੋਈਆਂ ਪ੍ਰੀਤ ਨੇ ਉਸਨੂੰ ਮਿਣ ਲਈ ਕਿਹਾ ਤੇ ਤਰੀਖ਼ ਰੱਖ ਲਈ ਕਿ ਆਪਾਂ ਨੇ ਇਸ ਦਿਨ ਮਿਲਣਾ ਏ, ਦਿਨ ਬੀਤੇ, ਰਾਤ ਗਈ, ਉਹ ਦਿਨ ਆ ਗਿਆ ਜਿਸ ਦਿਨ ਉਨ੍ਹਾਂ ਰਾਤ ਨੂੰ ਮਿਲਣਾ ਸੀ ਪਰ ਉਸ ਦਿਨ ਪ੍ਰੀਤ ਦੇ ਦਾਦਾ ਜੀ ਦੀ ਮੌਤ ਹੋ ਗਈ ਉਹ ਮਿਲ ਨਾ ਸਕੇ, ਸਰਵ ਨੂੰ ਪ੍ਰੀਤ ਦੇ ਦਾਦਾ ਜੀ ਦੀ ਮੌਤ ਦਾ ਬਹੁਤ ਦੁੱਖ ਹੋਇਆ। ਉਹ ਆਪਣੇ ਦਾਦਾ ਜੀ ਨੂੰ ਬਹੁਤ ਪਿਆਰ ਕਰਦੀ ਸੀ। ਪ੍ਰੀਤ ਦੇ ਦਾਦਾ ਵੀ ਉਸਨੂੰ ਬਹੁਤ ਪਿਆਰ ਕਰਦੇ ਸਨ ਉਸ ਨੂੰ ਕਾਲਜ ਵਿਚ ਜਾਣ ਲਈ ਪੈਸੇ ਵੀ ਦਿੰਦੇ ਤੇ ਉਸਨੂੰ ਪਿਆਰ ਨਾਲ ਲਾਡੋ ਆਖ ਬੁਲਾਉਦੇ ਸਮਾਂ ਕਿਸੇ ਦਾ ਮੁਥਾਜ਼ ਨਹੀਂ ਹੁੰਦਾ ਗੁਜ਼ਰ ਹੀ ਜਾਂਦਾ ਹੈ ਇਕ ਦਿਨ ਸਭ ਨੇ ਇਸ ਦੁਨੀਆਂ ਤੋਂ ਜਾਣਾ ਏ।

ਸਮਾਂ ਬੀਤ ਗਿਆ ਕੁਝ ਦਿਨ ਬੀਤੇ ਸਭ ਹੋ ਗਿਆ, ਜੋ ਹੋਣਾ ਸੀ ਅਫਸੋਸ ਰੀਤੀ ਰਿਵਾਜ਼ਾਂ ਦੀ ਭੇਟ ਚੜ੍ਹਿਆ ਸੰਸਾਰੀ ਲੋਕ ਗੁੱਜਰ ਚੁੱਕੇ ਇਨਸਾਨ ਦੀਆਂ ਯਾਦਾਂ ਰੋ-ਰੋ ਕੇ ਤਾਜ਼ਾ ਜਰੂਰ ਕਰਦੇ ਨੇ ਕਿ ਕੋਈ ਗਿਲ਼ਾ ਜਾਂ ਸ਼ਿਕਵਾ ਨਾ ਰਹਿ ਜਾਵੇ ਇਸ ਪਿੰਡ ਦੇ ਲੋਕੀ ਵਹਿਮੀ ਤੇ ਧੜਿਆਂ ਵਿਚ ਵੰਡੇ ਹੋਏ ਸਨ, ਉਹਨਾਂ ਦੇ ਖ਼ਿਆਲ ਵੱਖੋ-ਵੱਖਰੇ ਸਨ। ਪਿੰਡ ਦੇ ਬਜ਼ੁਰਗ ਸਾਰਾ ਦਿਨ ਤਾਸ਼ ਕੁੱਟਦੇ ਤੇ ਪਿੰਡ ਦੇ ਹਰ ਉਸ ਘਰ ਤੇ ਨਜ਼ਰ ਮਾਰਦੇ ਜਿਸ ਘਰ ਲੜਾਈ ਹੋਵੇ ਜਾਂ ਕਿਸੇ ਦਾ ਨੁਕਸਾਨ ਹੁੰਦਾ ਹੋਵੇ, ਉਹ ਹਰ ਗੱਲ਼ ਨੂੰ ਪੂਰੀ ਤਰ੍ਹਾਂ ਉਡਾਉਂਦੇ ਚੁਗਲੀਆਂ ਕਰਦੇ , ਪਤਾ ਨਹੀਂ ਇਹ ਸਭ ਕਰਨ ਨਾਲ ਉਹਨਾਂ ਨੂੰ ਕੀ ਮਿਲਦਾ, ਚਲੋ ਸੱਥ ਦੀਆਂ ਗੱਲਾਂ ਤੇ ਪਾਣੀ ਦੀਆਂ ਛੱਲਾਂ ਕਦੇ ਨਹੀਂ ਮੁੱਕਦੀਆਂ ਪ੍ਰੀਤ ਨੇ ਸਰਵ ਦੇ ਪਿਆਰ ਨੂੰ ਕਲਮ ਨਾਲ ਪਰੋਇਆ ਉਸਨੇ ਕੁਝ ਜ਼ਜਬਾਤ ਕਲਮ ਦੇ ਰਾਹੀਂ ਬਿਆਨ ਕੀਤੇ ਤੇ ਇਕ ਡਾਇਰੀ ਲਿਖੀ, ਜਿਸ ਵਿਚ ਲਿਖਿਆ—

**" ਦਿਲ ਉਸ ਤੇ ਕਿਉਂ ਆ ਗਿਆ**
**ਜੱਗ ਤੇ ਹੋਰ ਵੀ ਲੋਕੀ ਵਸਦੇ ਨੇ**
**ਰੱਬਾ ਇਹਦੇ ਨਾਲ ਕਿਉਂ ਪਿਆਰ ਹੋਇਆ**
**ਜੀਹਨੂੰ ਗੈਰਾਂ ਦਾ ਲੋਕੀ ਦੱਸਦੇ ਨੇ।**
**ਬੜਾ ਆਖ਼ਿਆ ਖ਼ੁਦ ਨੂੰ ਮੈਂ**
**ਕਿਉਂ ਐਵੇਂ ਸੁਪਨੇ ਬੁਣਦੀ ਏਂ**
**ਲੋਕੀ ਕੀ ਕੀ ਕਹਿੰਦੇ ਉਸ ਬਾਰੇ**
**ਤੂੰ ਫੇਰ ਵੀ ਕਿਉਂ ਨੀ ਸੁਣਦੀ ਏਂ**
**ਕਿਉਂ ਉਸ ਤੇ ਹੱਕ ਜਤਾਉਣ ਲੱਗੀ**
**ਜੀਹਨੇ ਸ਼ਾਇਦ ਤੇਰਾ ਕਦੇ ਹੋਣਾ ਨੀ**
**ਬੜਾ ਸੋਚਿਆ ਮੁੜ ਜਾਹ ਇਸ ਰਾਹ ਤੋਂ**
**ਦਿਲ ਆਖੇ ਹੋਰ ਸਮਾਉਣਾਂ ਨਹੀਂ। "**

ਉਸ ਦੇ ਹਰ ਸ਼ਬਦ 'ਚ ਪਿਆਰ ਦੀ ਮਹਿਕ ਸੀ ਪਰ ਉਹ ਮਹਿਕ ਇਕ ਡਰ ਵੀ ਸੀ ਕਿ ਕਦੇ ਉਹ ਉਸ ਤੋਂ ਵੱਖ ਨਾ ਹੋ ਜਾਵੇ। ਦਿਲ ਨੂੰ ਲੱਖ ਸਮਝਾਉਂਦੀ ਮਾਹੀ ਨੂੰ ਹਾਕਾਂ ਮਾਰ ਬਲਾਉਂਦੀ, ਜੀਅ ਨੀ ਲਗਦਾ ਸੱਜਣਾਂ ਵੇ–– ਕਦੇ ਸੱਸੀ ਉਹ ਬਣਦੀ ਸੀ ਕਦੇ ਬਣਦੀ ਹੀਰ ਸਲੇਟੀ—ਬਸ ਸਰਵ ਹੀ ਰਾਂਝਾ ਤੇ ਸਰਵ ਹੀ ਸਭ ਕੁਝ ਸੀ। ਉਹ ਭਾਵੇਂ ਉਸ ਨੂੰ ਪਹਿਲਾਂ ਤੋਂ ਹੀ ਪਸੰਦ ਕਰਦੀ ਸੀ ਉਸਨੂੰ ਸਭ ਗੱਲਾਂ ਦੱਸਦੀ ਤੇ ਕਹਿੰਦੀ ਮੈਂ ਤੈਨੂੰ ਪਿਆਰ ਕਰਦੀ ਹਾਂ। ਕਾਫ਼ੀ ਦੇਰ ਬਾਅਦ ਉਹਨਾਂ ਦੀ ਮੁਲਾਕਾਤ ਹੋਈ ਉਸ ਦਿਨ ਪ੍ਰੀਤ ਨੇ ਉਸ ਲਈ ਲਾਲ ਸੂਟ ਪਾਇਆ ਤੇ ਸਰਵ ਨੇ ਹਰੇ ਰੰਗ ਦੀ ਸ਼ਰਟ ਪਾਈ। ਉਸ ਰਾਤ ਉਹਨਾਂ ਦਾ ਉਹ ਪਹਿਲਾਂ ਮਿਲਣ, ਜਿਸ ਲਈ ਸਰਵ ਤਰਸ ਗਿਆ ਸੀ। ਹਰ ਅਰਮਾਨ ਪੂਰੇ ਕਰ ਇੱਕ ਦੂਜੇ ਨੂੰ ਸੀਨੇ ਲਾਇਆ। ਇਸ ਦਿਨ ਸਰਵ ਦਾ ਜਨਮ ਦਿਨ ਸੀ ਤੇ ਇਸ ਜਨਮ ਦਿਨ ਤੇ ਪ੍ਰੀਤ ਨੇ ਸਰਵ ਨੂੰ ਇਕ ਡਾਇਰੀ ਦਿੱਤੀ। ਜਿਸ ਵਿਚ ਪ੍ਰੀਤ ਦੇ ਕੁਝ ਅਰਮਾਨ ਸ਼ਾਇਰੀ ਵਿਚ ਬਿਆਨ ਸਨ। ਘਰ ਦਾ ਖ਼ਿਆਲ ਤੇ ਪੜ੍ਹਾਈ ਦੀਆਂ ਸੋਚਾਂ ਪ੍ਰੀਤ ਲਈ ਹਮੇਸ਼ਾਂ ਕੋਈ ਨਾ ਕੋਈ ਮੁਸੀਬਤ ਖੜ੍ਹੀ ਕਰਦੀਆਂ ਰਹਿੰਦੀਆਂ । ਉਸ ਦੇ ਘਰ ਦੇ ਹਮੇਸ਼ਾਂ ਹੀ ਉਹਦੀ ਸੋਚ ਕਰਦੇ , ਪ੍ਰੀਤ ਦਾ ਛੋਟਾ ਭਰਾ, ਜਿਸਦਾ ਨਾ ਗੋਰਾ ਸੀ ਉਹ ਹਮੇਸ਼ਾਂ ਪ੍ਰੀਤ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦਾ। ਜਦੋਂ ਵੀ ਕਦੇ ਪ੍ਰੀਤ ਕਾਲਜ ਜਾਣ ਲਈ ਤਿਆਰ ਹੁੰਦੀ ਤੇ ਘਰੋਂ ਨਿਕਲਦੀ ਤਾਂ ਉਸਨੂੰ ਦੇਖਦਾ, ਕਿੱਥੇ ਖੜ੍ਹਦੀ ਏ, ਕਿਸਨੂੰ ਦੇਖਦੀ ਏ–– ਪਤਾ ਨਹੀਂ ਭਰਾ ਹੋਣ ਕਾਰਨ ਉਸ ਦੇ ਫਰਜ਼ ਸਨ ਜਾਂ ਕੋਈ ਹੋਰ ਗੱਲ ਦੀ ਉਸਨੂੰ ਸੂਹ ਲੱਗੀ ਹੋਵੇ, ਉਂਜ ਜਿਸ ਘਰ ਜਵਾਨ ਭੈਣ ਹੋਵੇ ਉੱਥੇ ਤਾਂ ਸਭ ਕੁਝ

ਦੇਖਣਾ ਪੈਂਦਾ ਹੈ। ਇਸ ਕਲਯੁਗ ਦੇ ਹਨੇਰ ਵਿੱਚ ਲੱਖਾਂ ਤੂਫ਼ਾਨ ਆਉਂਦੇ ਨਵੀਆਂ ਨਵੀਆਂ ਖ਼ਬਰਾਂ ਸੁਣਦੇ, ਕਿਸੇ ਦੀ ਕੁੜੀ ਭੱਜ ਗਈ, ਕੋਈ ਮਾਰ ਦਿੱਤੀ, ਹਮੇਸ਼ਾਂ ਇਹ ਹੀ ਡਰ ਜੋ ਅੱਜ ਦੇ ਮਾਪਿਆਂ ਨੂੰ ਸਤਾਉਂਦਾ ਰਹਿੰਦੈ ਕਿ ਉਹਨਾਂ ਦੀ ਇੱਜ਼ਤ ਸਹੀ ਸਲਾਮਤ ਰਹੇ।ਪਰ ਪਿਆਰ ਕਰਨਾ ਵੀ ਕੋਈ ਗੁਨਾਹ ਨਹੀਂ, ਮੇਰੀ ਨਜ਼ਰ 'ਚ, ਪਿਆਰ ਇਬਾਦਤ ਹੈ, ਖ਼ੁਦਾ ਨੂੰ ਪਾਉਣ ਦਾ ਰਾਹ ਪਰ ਅੱਜ ਦਾ ਇਹ ਜ਼ਮਾਨਾ ਪਿਆਰ ਲਈ ਇਕ ਦੁਸ਼ਮਣ ਬਣ ਗਿਆ ਏ, ਹਰ ਇਨਸਾਨ ਇਸਨੂੰ ਸੁਨਣਾ ਤਾਂ ਪਸੰਦ ਕਰਦਾ ਏ ਪਰ ਇਹ ਨਹੀਂ ਕਿ ਕਿਸੇ ਘਰ ਕੋਈ ਹੀਰ ਬਣ ਉੱਠੇ ਇਹ ਕਦੇ ਵੀ ਨਹੀਂ---ਸਰਵ ਦਾ ਪਿਆਰ ਇਕ ਮਿਸਾਲ ਬਣਨ ਵਾਲਾ ਸੀ, ਮੈਂ ਵੀ ਆਪਣਾ ਥੋੜਾ ਜਿਹਾ ਰੋਲ਼ ਨਿਭਾਇਆ ਹੈ ਉਸ ਨਾਲ ਮੇਰੀ ਦੋਸਤੀ ਹੋਣ ਕਾਰਨ ਪ੍ਰੀਤ ਮੈਨੂੰ ਵੀ ਫ਼ੋਨ ਕਰ ਲੈਂਦੀ ਸੀ ਜਦ ਕਦੇ ਸਰਵ ਰੁੱਸ ਜਾਂਦਾ, ਤਾਂ ਉਹ ਮੈਨੂੰ ਫ਼ੋਨ ਕਰਦੀ ਕਹਿੰਦੀ ਤੂੰ ਉਸ ਨੂੰ ਸਮਝਾ ਦੇ ਮੇਰੇ ਨਾਲ਼ ਗੱਲ਼ ਨਹੀਂ ਕਰਦਾ। ਉਹਨਾਂ ਦੀਆਂ ਗੱਲਾਂ ਸੁਣ ਮੇਰਾ ਦਿਲ ਵੀ ਉਹਨਾਂ ਦੀ ਮਦਦ ਕਰਨ ਲਈ ਕਹਿੰਦਾ, ਫਿਰ ਮੈਂ ਉਸ ਨੂੰ ਫੋਨ ਕਰਦਾ। ਇਹ ਹੀ ਗੱਲ਼ਾਂ ਉਹਨਾਂ ਦੇ ਪਿਆਰ ਦਾ ਸਬੂਤ ਸਨ ਕਿ ਉਹ ਇਕ ਦੂਜੇ ਨੂੰ ਕਿੰਨਾ ਪਿਆਰ ਕਰਦੇ ਹਨ।

ਪਿਆਰ ਦੀਆਂ ਰਾਹਾਂ ਤੇ ਜੇ ਗਿਲ਼ੇ ਨਾ ਹੋਣ ਤਾਂ ਪਿਆਰ ਕਾਹਦਾ ਸ਼ਿਕਵਿਆਂ ਬਿਨ ਜਿੰਦਗੀ ਅਧੂਰੀ ਲੱਗਦੀ ਏ। ਉਹਨਾਂ ਦੀਆਂ ਛੋਟੀਆਂ-ਮੋਟੀਆਂ ਲੜਾਈਆਂ ਵੀ ਚਲਦੀਆਂ ਰਹਿੰਦੀਆਂ। ਕਦੇ ਸਰਵ ਦਾ ਦਿਲ ਕਹਿੰਦਾ ਕਿ ਉਹ ਹੁਣ ਉਸ ਨਾਲ ਗੱਲ ਨਹੀਂ ਕਰੇਗਾ ਪਰ ਉਸ ਦਾ ਦਿਲ ਉਸਨੂੰ ਅੰਦਰੋਂ-ਅੰਦਰੀ ਹੀ ਮੇਹਣੇ ਮਾਰਦਾ ਉਹ ਫ਼ੋਨ ਚੁੱਕ ਲੈਂਦਾ ਪ੍ਰੀਤ ਦਾ ਨੰਬਰ ਡਾਇਲ ਕਰਦਾ ਫੇਰ ਕੱਟ ਦਿੰਦਾ ਆਖ਼ਿਰ ਉਸਨੂੰ ਕਰਨਾ ਪੈਂਦਾ । 15 ਜੂਨ ਨੂੰ ਪ੍ਰੀਤ ਦਾ ਜਨਮ ਦਿਨ ਸੀ ਤਾਂ ਉਸ ਦਿਨ ਸਰਵ ਨੇ ਉਸਨੂੰ ਚਾਂਦੀ ਦੀਆਂ ਚੂੜੀਆਂ ਦਿਤੀਆਂ ਪ੍ਰੀਤ ਬਹੁਤ ਖੁਸ਼ ਸੀ। ਉਹਨਾਂ ਨੇ ਮਿਲ ਕੇ ਜਨਮ ਦਿਨ ਮਨਾਇਆ। ਭਾਵੇਂ ਉਸਨੂੰ ਪ੍ਰੀਤ ਨੂੰ ਮਿਲਨ ਲਈ ਬਹੁਤ ਮੁਸ਼ਕਿਲ ਨਾਲ ਉਹਨਾਂ ਦੇ ਘਰ ਜਾਣਾ ਪੈਂਦਾ। ਪਰ ਉਹ ਹਰ ਹਾਲ ਵਿੱਚ ਜਾਂਦਾ , ਦੋਹਾਂ ਨੂੰ ਇਹ ਪਤਾ ਸੀ ਕਿ ਇਹ ਸਭ ਚੋਰੀ-ਚੋਰੀ ਮਿਲਣਾ ਉਹਨਾਂ ਲਈ ਮੌਤ ਦਾ ਕਾਰਨ ਬਣ ਸਕਦੈ। ਪਰ ਦਿਲ ਦੀ ਸੁਨਣ ਵਾਲਾ ਕੋਈ ਕਦੋਂ ਪਿੱਛੇ ਦੇਖਦੈ, ਸ਼ਾਇਦ ਉਸ ਮਿਰਜ਼ੇ ਦਾ ਖ਼ੂਨ ਅੱਜ ਵੀ ਪੰਜਾਬ ਦੇ ਨੌਜਵਾਨਾਂ ਵਿਚ ਵਹਿੰਦਾ ਏ। ਸ਼ਾਇਦ ਇਸੇ ਲਈ ਜਦੋਂ ਪੰਜਾਬ ਦੀ ਗੱਲ਼ ਹੁੰਦੀ ਏ ਤਾਂ ਸਭ ਤੋਂ ਪਹਿਲਾਂ ਇਹਨਾਂ ਆਸ਼ਕਾਂ ਦਾ ਨਾਮ ਆਉਂਦੈ। ਉਸ ਹੀਰ, ਸੱਸੀ ਸੋਹਣੀ, ਰਾਂਝਾ, ਪੁੰਨੂੰ ਤੇ ਮਹੀਂਵਾਲ ਪਿਆਰ ਦੀ ਮਿਸਾਲ ਹਨ। ਜਿਹਨਾਂ ਨੇ ਪਿਆਰ ਕੀਤਾ ਸੀ ਸਰਵ

ਤੇ ਪ੍ਰੀਤ ਦੀ ਮੁਹੱਬਤ ਵੀ ਉਹਨਾਂ ਆਸ਼ਕਾਂ ਵਾਂਗ ਹੀ ਪਾਕ ਸੀ, ਸਰਵ ਨੇ ਆਪਣੀ ਪ੍ਰੀਤ ਦੀ ਖੁਸ਼ੀ ਵਿੱਚ ਆਪਣੀ ਦੁਕਾਨ ਦੇ ਅੱਗੇ ਮਿੱਠੇ ਪਾਣੀ ਦੀ ਛਬੀਲ ਲਾਈ, ਇਹ ਇਸ਼ਕ ਅਵੱਲਾ ਕੀ-ਕੀ ਕਰਦਾ ਏ ਕੋਈ ਕੀ ਜਾਣੇ, ਪਿੰਡ ਦੇ ਲੋਕ ਵੀ ਸੋਚਦੇ ਕੀ ਗੱਲ ਸਰਵ ਅੱਜ ਕੱਲ੍ਹ ਬਦਲਿਆ ਲੱਗਦਾ ? ਕਹਿੰਦੇ ਕਦੇ ਇਸ਼ਕ ਛੁੱਪਦਾ ਨਹੀਂ ਆਖ਼ਿਰ ਉਹ ਹੀ ਹੋਇਆ ਜੋ ਹੋਣਾ ਸੀ। ਇੱਕ ਦਿਨ ਪ੍ਰੀਤ ਕੰਮ ਕਰ ਰਹੀ ਤੇ ਪ੍ਰੀਤ ਦੀ ਮਾਂ ਦੀ ਨਜ਼ਰ ਅਚਾਨਕ ਹੀ ਪ੍ਰੀਤ ਦੇ ਬੈਗ ਤੇ ਪਈ ਬਲਜੀਤ ਨੇ ਪ੍ਰੀਤ ਦਾ ਬੈਗ ਖੋਲ੍ਹਿਆ ਉਸ ਵਿੱਚ ਉਸ ਨੂੰ ਮੋਬਾਇਲ ਮਿਲ ਗਿਆ ’ਤੇ ਹੈਰਾਨ ਹੋ ਗਈ ਬਲਜੀਤ ਨੇ ਫ਼ੋਨ ਦੇਖ ਪ੍ਰੀਤ ਨੂੰ ਆਵਾਜ਼ ਮਾਰੀ ਤੇ ਕਹਿਣ ਲੱਗੀ “ ਇਹ ਸਭ ਕੀ ਏ। ” ਪ੍ਰੀਤ ਕੋਈ ਗੱਲ ਨਾ ਕਹਿ ਸਕੀ। ਉਸ ਦੀ ਮਾਂ ਨੇ ਪ੍ਰੀਤ ਨੂੰ ਬਹੁਤ ਕੁੱਟਿਆ ਮਾਰਿਆ ਤੇ ਉਸ ਨੂੰ ਮੇਹਣੇ ਮਾਰਨ ਲੱਗੀ ਜੋ ਕਦੇ ਸੁਣੇ ਵੀ ਨਾ ਜਾਣ। ਪ੍ਰੰਤੂ ਉਸਨੇ ਇਹ ਗੱਲ ਕਿਸੇ ਨੂੰ ਨਾ ਦੱਸੀ, ਉਸ ਨੂੰ ਗੱਲ-ਗੱਲ ਤੇ ਟੋਕਣਾ ਸ਼ੁਰੂ ਕਰ ਦਿੱਤਾ। ਪ੍ਰੀਤ ਜ਼ਿੰਦਗੀ ’ਚ ਇੰਨੀ ਦੁੱਖੀ ਨਹੀਂ ਹੋਈ ਸੀ ਜਿੰਨੀ ਕਿ ਇਸ ਦਿਨ ਹੋਈ ਸੀ। ਬਲਜੀਤ ਬੈਠੀ ਸੋਚ ਰਹੀ ਸੀ ਕਿ ਇਹ ਦਿਨ ਦੇਖਣ ਤੋਂ ਪਹਿਲਾਂ ਮੈਨੂੰ ਰੱਬ ਚੱਕ ਕਿਉਂ ਨਾ ਲਿਆ.. ਪਰ ਫੇਰ ਵੀ ਇੱਕ ਮਾਂ ਹੋਣ ਦੇ ਨਾਤੇ ਉਸ ਨੇ ਪ੍ਰੀਤ ਨੂੰ ਸਮਝਾਇਆ ਤੇ ਕਿਹਾ ਤੂੰ ਹੁਣ ਕੋਈ ਇਸ ਤਰ੍ਹਾਂ ਦਾ ਕੰਮ ਨਾ ਕਰੀਂ, ਪਰ ਪ੍ਰੀਤ ਦਾ ਦਿਲ ਨਹੀਂ ਮੰਨਦਾ ਸੀ। ਮਾਂ ਦਾ ਹੌਂਸਲਾ ਰੱਖਣ ਲਈ ਪ੍ਰੀਤ ਨੇ ਉਸ ਨੂੰ ਕਿਹਾ, ਕਿ ਮਾਂ ਅੱਗੇ ਤੋਂ ਨਹੀਂ ਤੇ ਤੂੰ ਪਾਪਾ ਨੂੰ ਨਾ ਦੱਸੀ ਬਲਜੀਤ ਨੇ ਕਿਹਾ ਨਹੀਂ ਦੱਸਾਂਗੀ।

ਅੱਜ ਤੋਂ ਪ੍ਰੀਤ ਲਈ ਪਿਆਰ ਦਾ ਇਮਤਿਹਾਨ ਚੱਲ ਪਿਆ ਸੀ। ਪਲ਼-ਪਲ਼ ਉਸਦਾ ਦਿਲ ਸੋਚ-ਸੋਚ ਕੇ ਡੁੱਬੀ ਜਾਂਦਾ ਸੀ ਮੈਂ ਸਰਵ ਨੂੰ ਲੱਖਾਂ ਵਾਅਦੇ ਕਰ ਚੁੱਕੀ ਹਾਂ ਹੁਣ ਕਿਸ ਤਰ੍ਹਾਂ ਪਿੱਛੇ ਮੁੜਾਂ ਇਹ ਉਸ ਲਈ ਬਹੁਤ ਮੁਸ਼ਕਿਲ ਹੋ ਗਿਆ ਸੀ ਪਿਆਰ ਤੇ ਪਰਿਵਾਰ ਵਿੱਚੋਂ ਇੱਕ ਨੂੰ ਅਪਣਾਉਣਾ ਇੱਕ ਪਾਸੇ , ਤੇ ਦੂਜੇ ਉਸ ਦੀ ਮੁਹੱਬਤ ਸੀ।

ਉਹ ਹਰ ਵਾਰ ਸਰਵ ਨੂੰ ਕਹਿੰਦੀ ਕਿ ਉਹ ਮੇਰੇ ਅਰਮਾਨ ਪੂਰੇ ਕਰੇ ਉਸਦੇ ਸੁਪਨੇ ਬਹੁਤ ਵੱਡੇ ਸਨ। ਪ੍ਰੀਤ ਬੀ ਐਡ ਕਰਨਾ ਚਾਹੁੰਦੀ ਸੀ ਪਰ ਮੰਮੀ ਨੂੰ ਪਤਾ ਲੱਗਣ ਕਾਰਨ ਉਸਨੂੰ ਸਾਰੇ ਹੀ ਸੁਪਨੇ ਅਧੂਰੇ ਜਾਪਣ ਲੱਗੇ ਸਨ। ਜਿਵੇਂ ਕੋਈ ਪਿਆਸ ਨਾਲ ਮਰਦਾ ਇਨਸਾਨ ਜ਼ੋਰ-ਜ਼ੋਰ ਨਾਲ ਚੀਕਾਂ ਮਾਰ ਰਿਹਾ ਹੋਵੇ ਤੇ ਕੋਈ ਉਸਦੀ ਸਾਰ ਨਾ ਲੈਂਦਾ ਹੋਵੇ। ਪ੍ਰੀਤ ਦੀ ਹਾਲਤ ਵੀ ਉਸ ਪਿਆਸੇ ਵਰਗੀ ਸੀ।

ਇਹ ਸਭ ਪ੍ਰੀਤ ਨਾਲ ਹੋ ਰਿਹਾ ਸੀ ਕਿਉਂਕਿ ਉਹ ਇੱਕ ਕੁੜੀ ਸੀ ਜਿਸ ਨੇ ਦਿਲੋਂ ਪਿਆਰ ਕੀਤਾ, ਇਹ ਸਭ ਉਸਨੂੰ ਦੱਸਦੀ ਤੇ ਕਹਿੰਦੀ ਸਰਵ ਮੈਨੂੰ ਮੇਰੀ ਮੰਮੀ ਬਹੁਤ ਤੰਗ ਕਰਦੀ ਏ। ਉਸਨੇ ਮੈਨੂੰ ਗੱਲ-ਗੱਲ ਉੱਤੇ ਤੰਗ ਕਰਨਾ ਸ਼ੁਰੂ ਕਰ ਦਿੱਤਾ ਏ। ਹੁਣ ਦੱਸ ਮੈਂ ਕੀ ਕਰਾਂ। ਸਰਵ ਕਹਿੰਦਾ ਤੂੰ ਹੌਂਸਲਾ ਰੱਖ ਸਭ ਠੀਕ ਹੋ ਜਾਵੇਗਾ। ਬਲਜੀਤ ਨੂੰ ਇਹ ਪਤਾ ਨਹੀਂ ਸੀ, ਕਿ ਪ੍ਰੀਤ ਕਿਸ ਨਾਲ ਗੱਲਾਂ ਕਰਦੀ ਐ ਪਰ ਐਨਾ ਜ਼ਰੂਰ ਪਤਾ ਸੀ ਕਿ ਉਹ ਕਿਸੇ ਮੁੰਡੇ ਨਾਲ ਗੱਲ ਕਰਦੀ ਐ।

ਉਸਨੂੰ ਉਸ ਵਾਰੇ ਕੋਈ ਗੱਲ ਪਤਾ ਨਹੀਂ ਸੀ। ਨਾ ਹੀ ਕਿਸੇ ਨਜ਼ਦੀਕੀ ਮੁੰਡੇ ਉੱਤੇ ਸ਼ੱਕ । ਸਰਵ ਉੱਤੇ ਤਾਂ ਉੱਕਾ ਹੀ ਨਹੀਂ ਕਿਉਂਕਿ ਉਹ ਤਾਂ ਉਨ੍ਹਾਂ ਦੀਆਂ ਨਜ਼ਰਾਂ ਵਿੱਚ ਇਕ ਸ਼ਰੀਫ਼ ਮੁੰਡਾ ਸੀ। ਕਿਉਂਕਿ ਨਾ ਤਾਂ ਉਸਨੇ ਪ੍ਰੀਤ ਦੇ ਘਰ ਅੱਗੇ ਗੇੜੇ ਮਾਰੇ ਸਨ, ਨਾ ਹੀ ਕਦੇ ਕਿਸੇ ਸਾਹਮਣੇ ਉਸ ਨੂੰ ਕਦੇ ਬੁਲਾਇਆ ਸੀ। ਕਈ ਦਿਨ ਬੀਤ ਗਏ ਇਹ ਫ਼ੋਨ ਵਾਲੀ ਗੱਲ ਨੂੰ ਤੇ ਪ੍ਰੀਤ ਕਾਲਜ ਜਾਣ ਤੋਂ ਪਹਿਲਾਂ ਹਰ ਰੋਜ਼ ਆਪਣੇ ਵੀਰ ਦੇ ਫ਼ੋਨ ਤੋਂ ਗੱਲ ਕਰਦੀ ਰਹੀ। ਉਸ ਦੇ ਭਾਈ ਨੂੰ ਸ਼ੱਕ ਹੋ ਗਿਆ ਗੋਰਾ ਹਾਲੇ 10ਵੀਂ ਕਲਾਸ ਵਿੱਚ ਪੜ੍ਹਦਾ ਸੀ। ਉਹ ਸਕੂਲ ਪਹਿਲਾਂ ਚਲਾ ਜਾਂਦਾ ਪ੍ਰੀਤ ਲੇਟ ਜਾਂਦੀ । ਇਸ ਕਰਕੇ ਉਹ ਆਪਣੇ ਭਾਈ ਦਾ ਫ਼ੋਨ ਚੋਰੀਓਂ ਚੁੱਕ ਕੇ ਚੁਬਾਰੇ ਵਿੱਚ ਲੈ ਜਾਂਦੀ । ਸਰਵ ਨੂੰ ਫ਼ੋਨ ਕਰਦੀ ਹਾਲ ਚਾਲ ਪੁੱਛਦੀ ਤੇ ਹਰ ਵਾਰ ਕਹਿੰਦੀ ਮੈਂ ਤੇਰੀ ਦੁਕਾਨ ਅੱਗੋਂ ਜਾਣਾ ਏ ਬਾਹਰ ਖੜ੍ਹ ਜਾਵੀਂ ਇੱਕ ਦਿਨ ਫ਼ੋਨ ਕਰਨ ਤੋਂ ਬਾਅਦ ਉਹ ਕਾਲਜ ਚਲੀ ਗਈ ਪ੍ਰੰਤੂ ਉਦਾ ਨੰਬਰ ਕੱਟਣਾ ਭੁੱਲ ਗਈ।

ਜਦੋਂ ਸਕੂਲੋਂ ਗੋਰਾ ਘਰ ਆਇਆ ਤਾਂ ਗੋਰੇ ਨੇ ਫ਼ੋਨ ਦੇਖਿਆ, ਉਸ ਵਿੱਚ ਨੰਬਰ ਡਾਇਲ ਸੀ ਜੋ ਕਿ ਸਰਵ ਦਾ ਸੀ। ਉਸ ਨੂੰ ਸ਼ੱਕ ਹੋ ਗਿਆ ਕਿਉਂਕਿ ਜਦੋਂ ਗੋਰਾ ਸਕੂਲ ਗਿਆ ਸੀ ਮੋਬਾਇਲ ਵਿੱਚ ਇਹ ਨੰਬਰ ਡਾਇਲ ਨਹੀਂ ਸੀ। ਉਸ ਨੇ ਨੰਬਰ ਦੇਖਿਆ ਤਾਂ ਉਹ ਸਰਵ ਦੀ ਦੁਕਾਨ ਤੇ ਚਲਾ ਆਇਆ ਕਿਉਂਕਿ ਸਰਵ ਕੋਲ ਮੋਟਰਾਂ ਦਾ ਕੰਮ ਹੋਣ ਕਾਰਨ ਸਾਰੇ ਪਿੰਡ ਦੇ ਮੁੰਡਿਆਂ ਦੇ ਨੰਬਰ ਸਨ..ਤੇ ਸਰਵ ਗੋਰੇ ਨੂੰ ਆਉਂਦਾ ਦੇਖ ਘਬਰਾ ਗਿਆ ਕਿ ਇਹ ਮੇਰੀ ਦੁਕਾਨ ਤੇ ਕੀ ਲੈਣ ਆਇਐ। ਉਸ ਦੇ ਮਨ ਵਿੱਚ ਅਨੇਕਾਂ ਹੀ ਸਵਾਲਾਂ ਨੇ ਦਸਤਕ ਸ਼ੁਰੂ ਦਿਤੀ.. ਪਰ ਚੁੱਪ ਰਿਹਾ ਉਸ ਨੂੰ ਡਰ ਸੀ ਪ੍ਰੰਤੂ ਗੋਰਾ ਦੁਕਾਨ ਤੇ ਆ ਕੇ ਬੈਠ ਗਿਆ। ਸਰਵ ਨੇ ਉਸ ਨੂੰ ਬੜੀ ਗੌਰ ਨਾਲ ਵੇਖਿਆ ਉਸ ਦੇ ਚਿਹਰੇ ਤੋਂ ਸਾਫ਼-ਸਾਫ਼ ਨਜ਼ਰ ਆ ਰਿਹਾ ਸੀ ਕਿ ਕੋਈ ਗੱਲ ਹੈ, ਜੋ ਉਸ ਨਾਲ ਕਰਨੀ ਚਾਹੁੰਦੈ। ਭਾਵੇਂ ਉਸ ਨੂੰ ਪਤਾ ਸੀ ਕਿ ਇਹ ਉਸ ਦਾ ਨੰਬਰ ਹੈ ਪਰ ਉਹ ਉਸ ਨੂੰ ਪੁੱਛਣ ਵਾਸਤੇ ਆਇਆ ਸੀ ਕਿ ਇਹ ਨੰਬਰ ਕਿਸਦਾ

ਏ। ਪ੍ਰੰਤੂ ਉਸ ਦੀ ਦੁਕਾਨ ਤੇ ਬਹੁਤ ਮੁੰਡੇ ਬੈਠੇ ਸਨ। ਇਹ ਦੇਖ ਗੋਰਾ ਚੁੱਪ ਰਿਹਾ ਕਾਫ਼ੀ ਦੇਰ ਤੱਕ ਦੇਖਦਾ ਰਿਹਾ ਪਰ ਪੁਛਿਆ ਕੁਝ ਨਾ ਆਖ਼ਿਰ ਨੂੰ ਉਠ ਕੇ ਚਲਾ ਗਿਆ ਦਿਨ ਬੀਤ ਗਿਆ ਸ਼ਾਮ ਹੋਈ ਸਰਵ ਪ੍ਰੀਤ ਦੇ ਫ਼ੋਨ ਦੀ ਉਡੀਕ ਕਰ ਰਿਹਾ ਸੀ ਐਨੇ ਨੂੰ ਫ਼ੋਨ ਆ ਗਿਆ ਪ੍ਰੀਤ ਥੋੜ੍ਹੀ ਘਬਰਾਈ ਹੋਈ ਸੀ ਤੇ ਕਿਹਾ ਸਰਵ, ਮੇਰੇ ਵੀਰ ਨੂੰ ਪਤਾ ਲੱਗ ਗਿਆ ਉਸ ਨੇ ਆਪਣੇ ਪਾਪਾ ਦੇ ਫ਼ੋਨ ਤੋਂ ਫ਼ੋਨ ਕੀਤਾ ਸੀ ਕਹਿਣ ਲੱਗੀ ਕਿ ਗੋਰੇ ਨੂੰ ਪਤਾ ਲੱਗ ਗਿਐ । ਸਰਵ ਨੇ ਕਿਹਾ ਹਾਂ ਮੇਰੇ ਕੋਲ ਆਇਆ ਸੀ ਪਰ ਬੋਲਿਆ ਕੁਝ ਨਹੀਂ। ਗੋਰੇ ਨੇ ਆਪਣੇ ਫ਼ੋਨ ਦਾ ਲੋਕ ਲਾ ਦਿਤਾ ਸੀ ਪ੍ਰੀਤ ਲਈ ਦੋ ਰਸਤੇ ਤਾਂ ਬੰਦ ਹੋ ਗਏ ਸਨ। ਇੱਕ ਤਾਂ ਉਸ ਦੀ ਮਾਂ ਨੂੰ ਪਤਾ ਲੱਗ ਗਿਆ ਸੀ ਤੇ ਦੂਜਾ ਗੋਰੇ ਨੂੰ ਹੁਣ ਕਰੇ ਵੀ ਤਾਂ ਕੀ, ਉਹਦਾ ਜੀਅ ਨਾ ਲੱਗਦਾ, ਜਿੰਦ ਦੁੱਖਾਂ ਵਿੱਚ ਪੈ ਗਈ ਸੀ ਜਿਵੇਂ ਕੋਈ ਮਜ਼ਬੂਤ ਰੁੱਖ ਨੂੰ ਨਿੱਤ ਹਨ੍ਹੇਰੀ ਦਾ ਡਰ ਹੁੰਦਾ ਏ ਇਸੇ ਤਰ੍ਹਾਂ ਪ੍ਰੀਤ ਵੀ ਇੱਕ ਰੁੱਖ ਬਣ ਗਈ ਸੀ ਤੇ ਤੂਫ਼ਾਨ ਦਾ ਡਰ ਸੀ ਹਨ੍ਹੇਰੀਆਂ ਚੱਲਣੀਆਂ ਸ਼ੁਰੂ ਹੋ ਗਈਆਂ ਸਨ।

ਮੇਰੇ ਕੋਲ ਬੈਠਾ ਉਹ ਅਜੇ ਵੀ ਆਪਣੇ ਆਪ ਨੂੰ ਕੋਸ ਰਿਹਾ ਸੀ। ਭਾਵੇਂ ਉਹ ਇਹ ਸਭ ਗੱਲਾਂ ਮੈਨੂੰ ਉੱਤੋਂ ਖੁਸ਼ ਹੋ ਕੇ ਦੱਸ ਰਿਹਾ ਸੀ ਪਰ ਦਿਲੋਂ ਉਦਾਸ ਸੀ ਉਹਦੀਆਂ ਅੱਖਾਂ 'ਚੋਂ ਪ੍ਰੀਤ ਦਾ ਪਿਆਰ ਹੰਝੂ ਬਣਕੇ ਡੁੱਲ੍ਹ ਰਿਹਾ ਸੀ..

ਮਨ ਜਿਹਾ ਮਾਰ ਕੇ ਉਸ ਨੇ ਮੈਨੂੰ ਅੱਗੇ ਦੱਸਣਾ ਸ਼ੁਰੂ ਕੀਤਾ ਅਗਲੇ ਦਿਨ ਪ੍ਰੀਤ ਸੋਚਾਂ ਵਿੱਚ ਡੁੱਬੀ ਬੈਠੀ ਸੀ ਤੇ ਆਪਣੇ ਆਪ ਗੱਲਾਂ ਕਰ ਰਹੀ ਤੇ ਖੁਦ ਨੂੰ ਕੋਸ ਰਹੀ ਸੀ, ਉਸ ਘੜੀ ਨੂੰ ਜਿਸ ਪਲ਼ ਉਹ ਸਰਵ ਦਾ ਨੰਬਰ ਕੱਟਣਾ ਭੁੱਲ ਗਈ ਸੀ, ਜੇ ਨੰਬਰ ਮਿਟਾ ਦਿੰਦੀ ਤਾਂ ਇਹ ਸਭ ਨਾ ਹੁੰਦਾ, ਪਰ ਕਿਸਮਤ ਵਿੱਚ ਜੋ ਲਿਖਿਆ ਸੀ ਉਹ ਤਾਂ ਹੋਣਾ ਹੀ ਸੀ। ਸਵੇਰ ਹੋਈ ਓਹ ਕਾਲਜ ਜਾਣ ਲਈ ਤਿਆਰ ਹੋਈ ਫ਼ੋਨ ਵੱਲ ਗਈ ਗੋਰਾ ਸਕੂਲ ਚਲਾ ਗਿਆ ਸੀ ਜਦੋਂ ਫ਼ੋਨ ਚੁੱਕਿਆ ਤਾਂ ਫ਼ੋਨ ਨੂੰ ਪਾਸਵਰਡ ਲੱਗਿਆ ਸੀ.. ਸੋਚਣ ਲੱਗੀ ਕਿ ਜੇ ਮੇਰੇ ਤੇ ਸਰਵ ਦਾ ਪਿਆਰ ਸੱਚਾ ਹੋਇਆ ਤਾਂ ਅੱਜ ਮੇਰੀ ਸਰਵ ਨਾਲ ਗੱਲ ਹੋਵੇਗੀ ਤੇ ਪਾਸਵਰਡ ਸਹੀ ਲੱਗ ਜਾਵੇਗਾ ਉਸ ਨੇ ਗੋਰੇ ਦੇ ਨੰਬਰ ਦੇ ਪਹਿਲੇ 5 ਅੱਖਰ ਲਾ ਦਿੱਤੇ ਤੇ ਪਾਸਵਰਡ ਖੁੱਲ੍ਹ ਗਿਆ..ਉਹ ਬਹੁਤ ਖੁਸ਼ ਹੋਈ ਤੇ ਸਰਵ ਨਾਲ ਖੁਲ੍ਹ ਹੋ ਕੇ ਗੱਲ ਕੀਤੀ। ਕਿਹਾ ਅੱਜ ਮੈਨੂੰ ਤੇਰੇ ਤੇ ਆਪਣੇ ਪਿਆਰ ਤੇ ਐਨਾ ਫ਼ਕਰ ਹੋ ਗਿਆ ਕਿ ਆਪਾਂ ਨੂੰ ਕੋਈ ਵੱਖ ਨਹੀਂ ਕਰ ਸਕਦਾ–

**" ਜਦੋਂ ਮੇਹਰ ਹੋਵੇ ਉਸ ਰੱਬ ਦੀ**
**ਤਦ ਪ੍ਰੀਤਾਂ ਦਾ ਬੱਦਲ ਵਰ੍ਹਦਾ ਏ**

**ਉਹ ਮਿਲ ਜਾਵੇ ਜਿਹਨੂੰ ਦਿਲ ਚਾਹਵੇ**
**ਫਿਰ ਜੀਅ ਜਿਉਣੇ ਨੂੰ ਕਰਦਾ ਏ**
**ਤਦ ਸੁਪਨੇ ਵਿੱਚ ਬਰਸਾਤ ਹੋਵੇ**
**ਮੇਰੇ ਕੋਲ ਮੇਰਾ ਕੋਈ ਖਾਸ ਹੋਵੇ**
**ਦਿਲ ਮਾਹੀ-ਮਾਹੀ ਕਰਦਾ ਏ ”**

ਭਾਵੇਂ ਪ੍ਰੀਤ ਦੇ ਘਰ ਪਤਾ ਲੱਗ ਗਿਆ ਸੀ, ਮੈਂ ਹੈਰਾਨ ਸਾਂ ਫਿਰ ਵੀ ਉਸ ਕੁੜੀ ਨੇ ਉਸਦਾ ਸਾਥ ਨਹੀਂ ਛੱਡਿਆ ਉਹ ਪਹਾੜ ਬਣ ਖੜ੍ਹ ਗਈ ਤੇ ਸਰਵ ਨੂੰ ਪਿਆਰ ਦਾ ਸਬੂਤ ਦੇਣ ਲਈ ਉਸ ਨੇ ਨਾਂ ਲਿਖਵਾਉਣਾ ਚਾਹਿਆ ਪਰ ਉਸ ਨੂੰ ਕਿਸੇ ਮੇਲੇ ਜਾਂ ਦੁਕਾਨ ਉਤੇ ਜਾਣ ਦਾ ਮੌਕਾ ਨਾ ਮਿਲਿਆ। ਉਹ ਇਹ ਸੋਚਦੀ-ਸੋਚਦੀ ਕੱਪੜੇ ਪ੍ਰੈਸ ਕਰ ਰਹੀ ਸੀ ਤਾਂ ਅਚਨਚੇਤ ਉਸਦੀ ਨਜ਼ਰ ਪ੍ਰੈਸ ਦੀ ਨੋਕ ਤੇ ਪਈ ਸਰਵ ਦੇ ਪਿਆਰ ’ਚ ਪਾਗ਼ਲ ਹੋ ਕੇ ਉਸਨੇ ਗਰਮ ਗਰਮ ਪ੍ਰੈਸ ਦੀ ਨੋਕ ਨਾਲ ਸਰਵ ਦੇ ਨਾਂ ਦਾ ਪਹਿਲਾ ਅੱਖਰ ਪਾ ਲਿਆ। ਕੁਝ ਦਿਨਾਂ ਬਾਅਦ ਉਸ ਗੁੱਟ ਤੇ ਰੇਸ਼ਾ ਭਰ ਗਿਆ। ਉਹ ਰੁਮਾਲ ਬੰਨ੍ਹਣ ਲੱਗੀ ਤਾਂ ਪ੍ਰੀਤ ਦੀ ਮੰਮੀ ਨੇ ਰੁਮਾਲ ਦੇਖ ਉਸ ਨੂੰ ਪੁੱਛਿਆ ਕੀ ਹੋਇਆ ਤਾਂ ਉਸਨੇ ਬਹਾਨਾ ਲਾਇਆ ਪਰ ਬਲਜੀਤ ਮੰਨੀ ਨਾ ਤੇ ਰੁਮਾਲ ਉਤਾਰ ਕੇ ਦੇਖਿਆ ਉਸ ਤੇ ਸਰਵ ਦੇ ਨਾਮ ਦਾ ਪਹਿਲਾਂ ਅੱਖਰ ਸੀ ਬਲਜੀਤ ਨੇ ਪੁਛਿਆ ਇਹ ਕੀ ਐ ਤਾਂ ਉਸਨੇ ਜਵਾਬ ਦਿੱਤਾ ਕੱਪੜੇ ਪ੍ਰੈਸ ਕਰਦਿਆਂ ਪ੍ਰੈਸ ਲਗ ਗਈ ਗੱਲ਼ ਟਲ ਗਈ..

ਇਹ ਤਾਂ ਹਾਲੇ ਪਹਿਲਾ ਤੂਫ਼ਾਨ ਸੀ ਐਤਵਾਰ ਦਾ ਦਿਨ ਸੀ ਪ੍ਰੀਤ ਸਰਵ ਦੀ ਦੁਕਾਨ ਵੱਲ ਉਸ ਨੂੰ ਦੇਖ ਰਹੀ ਸੀ ਤੇ ਸਰਵ ਵੀ ਪ੍ਰੀਤ ਵੱਲ਼। ਕਾਫ਼ੀ ਦੇਰ ਤੱਕ ਇੱਕ ਦੂਜੇ ਵੱਲ ਵੇਖਦੇ ਰਹੇ। ਉਹ ਉਲਫ਼ਤ ਵਿੱਚ ਸਮਾਜ ਦੀ ਸਾਰੀਆਂ ਦੀਵਾਰਾਂ ਤੋੜ ਆਪਣੇ ਪਿਆਰ ਦੀਆਂ ਸੀਮਾਵਾਂ ਪਾਰ ਕਰ ਗਏ ਸਨ। ਉਹਨਾਂ ਲਈ ਜੱਗ ਸੁੱਤਾ ਸੀ, ਪਰ ਕੰਧਾਂ ਦੇ ਵੀ ਕੰਨ ਹੁੰਦੇ ਨੇ।

ਸਿਆਣੇ ਕਹਿੰਦੇ ਜਦੋਂ ਮਾੜਾ ਸਮਾਂ ਆਉਂਦਾ ਐ ਪੁੱਛ ਕੇ ਨਹੀਂ ਆਉਂਦਾ। ਸਰਵ ਦੀ ਦੁਕਾਨ ਤੇ ਉਸ ਝੱਲੀ ਦੇ ਘਰ ਵਿਚਾਲੇ ਉਸਦੀ ਮਾਸੀ ਦਾ ਘਰ ਸੀ ਮਾਸੀ ਦਾ ਸੁਭਾਅ ਬੜਾ ਹੀ ਭੈੜਾ ਤੇ ਸ਼ੱਕੀ, ਉਹ ਬਾਹਰ ਖੜ੍ਹੀ ਸਬਜ਼ੀ ਵਾਲੇ ਨੂੰ ਉਡੀਕ ਰਹੀ ਸੀ, ਅਚਾਨਕ ਹੀ ਮਾਸੀ ਦੀ ਨਜ਼ਰ ਸਰਵ ਦੀ ਦੁਕਾਨ ਵੱਲ ਗਈ ਸਰਵ ਪ੍ਰੀਤ ਦੇ ਘਰ ਵੱਲ ਵੇਖ ਰਿਹਾ ਸੀ।

ਉਸ ਨੇ ਮੁੜ ਕੇ ਪ੍ਰੀਤ ਦੇ ਘਰ ਵੱਲ ਵੇਖਿਆ, ਤਾਂ ਮਾਸੀ ਹੈਰਾਨ ਹੋ ਗਈ। ਉਸਦੇ ਪੈਰਾਂ ਥੱਲੇ ਜ਼ਮੀਨ ਨਿਕਲ ਗਈ, ਪ੍ਰੀਤ ਵੀ ਕੰਧ ਕੋਲ਼ ਖੜ੍ਹੀ ਸਰਵ ਵੱਲ ਵੇਖ ਰਹੀ ਸੀ। ਮਾਸੀ ਦਾ ਸ਼ੱਕ ਯਕੀਨ ਵਿੱਚ ਬਦਲ ਗਿਆ।

ਮਾਸੀ ਨੇ ਇਹ ਗੱਲ ਆਪਣੇ ਘਰ ਵਾਲੇ ਨਾਲ ਸਾਂਝੀ ਕੀਤੀ, ਪਹਿਲਾਂ ਤਾਂ ਉਸਨੇ ਯਕੀਨ ਨਾ ਕੀਤਾ ਤੇ ਉਠ ਕੇ ਚਲਾ ਗਿਆ। ਪਰ ਇਹ ਗੱਲ ਉਸਨੂੰ ਅੰਦਰੋਂ-ਅੰਦਰੀ ਖਾਣ ਲੱਗੀ ਕਿ ਜਿਸ ਕੁੜੀ ਤੇ ਐਨਾ ਭਰੋਸਾ ਕਰਦਾ ਸੀ ਉਹ ਵੀ ਅੱਜ ਇਹ ਸਭ ਕਰਨ ਲੱਗੀ ਉਸਨੇ ਇੱਕ ਵਾਰ ਨਾ ਸੋਚਿਆ ਇਹ ਸਭ ਕਰਨ ਤੋਂ ਪਹਿਲਾਂ..

ਪ੍ਰੀਤ ਦਾ ਚਾਚਾ ਪੱਕਾ ਗੁਰਸਿੱਖ ਸੀ ਉਹ ਜਦ ਵੀ ਕੋਈ ਅਰਦਾਸ ਕਰਨੀ ਹੁੰਦੀ ਤਾਂ ਪ੍ਰੀਤ ਤੋਂ ਕਰਵਾਉਂਦਾ, ਪਰ ਅੱਜ ਉਸ ਦਾ ਭਰੋਸਾ ਉਠ ਗਿਆ, ਉਹ ਆਪਣੀ ਧੀ ਤੋਂ ਵੀ ਵੱਧ ਪ੍ਰੀਤ ਨੂੰ ਪਿਆਰ ਕਰਦਾ ਸੀ। ਉਸ ਨੂੰ ਹਾਲੇ ਵੀ ਯਕੀਨ ਨਹੀਂ ਆਇਆ ਸੀ। ਉਹ ਇਹ ਪਤਾ ਕਰਨ ਲਈ ਹਰ ਰੋਜ਼ ਸਰਵ ਦੀ ਦੁਕਾਨ ਕੋਲ ਖੜ੍ਹਨ ਲੱਗਾ, ਕਈ ਦਿਨ ਇਹ ਸਭ ਚਲਦਾ ਰਿਹਾ ਪਰ ਕੋਈ ਸਬੂਤ ਨਾ ਮਿਲਿਆ। ਇਕ ਦਿਨ ਫੇਰ ਉਹ ਹੀ ਦ੍ਰਿਸ਼ ਪ੍ਰੀਤ ਦੇ ਚਾਚੇ ਨੇ ਦੇਖਿਆ ਜੋ ਕਈ ਦਿਨ ਪਹਿਲਾਂ ਮਾਸੀ ਨੇ ਦੇਖਿਆ ਸੀ ਤੇ ਉਸਨੂੰ ਯਕੀਨ ਹੋ ਗਿਆ। ਪਰ ਉਹ ਚੁੱਪ ਰਿਹਾ - ਕਈ ਦਿਨ ਇਹ ਗੱਲ ਛੁੱਪੀ ਰਹੀ, ਫ਼ੋਨ 'ਤੇ ਗੱਲਾਂ ਹੁੰਦੀਆਂ ਰਹੀਆਂ, ਉਧਰ ਚਾਚੇ ਦਾ ਡਰ ਉਹਨਾਂ ਦੇ ਦਿਲ ਵਿੱਚ ਘਰ ਜਿਹਾ ਕਰ ਗਿਆ ਕਿਉਂਕਿ ਉਸਦਾ ਸੁਭਾਅ ਗਰਮ ਸੀ।

ਪ੍ਰੀਤ ਨੂੰ ਹਰ ਵਾਰ ਉਸਨੂੰ ਦੇਖਣ ਦੀ ਚਾਹਨਾ ਰਹਿੰਦੀ। ਇਸ ਕਰਕੇ ਉਹ ਦੁਕਾਨ ਤੇ ਰਹਿੰਦਾ। ਇੱਕ ਦਿਨ ਸਰਵ ਨੂੰ ਕੰਮ ਆ ਗਿਆ ਮੋਟਰ ਦੇਖਣ ਲਈ ਉਹ ਨਾਲ ਦੇ ਪਿੰਡ ਚਲਾ ਗਿਆ ਪਿੱਛੋਂ ਪ੍ਰੀਤ ਦੀ ਬੱਸ ਲੰਘ ਗਈ, ਸਰਵ ਨੂੰ ਡਰ ਸੀ ਕਿ ਉਹ ਰੋਣ ਨਾ ਲੱਗ ਪਵੇ, ਇਸ ਕਰਕੇ ਉਹਨੇ ਮੋਟਰਸਾਈਕਲ ਚੁੱਕਿਆ ਤੇ ਬੱਸ ਦਾ ਪਿੱਛਾ ਕਰਨ ਲੱਗਾ ਕਿ ਇਕ ਵਾਰ ਪ੍ਰੀਤ ਨੂੰ ਦਿਖ ਜਾਵਾਂ, ਉਸਨੇ ਕੋਸ਼ਿਸ਼ ਕੀਤੀ ਕਿ ਬੱਸ ਵਿੱਚ ਉਸ ਨੂੰ ਦਿਖ਼ ਜਾਵਾਂ। ਜਦੋਂ ਅਗਲੇ ਪਿੰਡ ਬਸ ਰੁੱਕੀ, ਉਹਨੇ ਮੋਟਰ ਸਾਈਕਲ ਰੋਕ ਬੱਸ ਅੱਗੇ ਲਾ ਲਿਆ। ਬੱਸ ਵਿੱਚ ਪ੍ਰੀਤ ਦਾ ਚਾਚਾ ਸੀ ਜਿਸ ਨੇ ਸਰਵ ਦੀ ਹਰਕਤ ਨੂੰ ਦੇਖ ਉਸਨੂੰ ਗਾਲ੍ਹਾਂ ਕੱਢੀਆਂ ਤੇ ਕਿਹਾ ਤੇਰੀ ਹਵਾ ਖ਼ਰਾਬ ਹੋ ਗਈ ਐ ਬਹੁਤ ਬੇਇੱਜਤੀ ਕੀਤੀ, ਪ੍ਰੰਤੂ ਪ੍ਰੀਤ ਕਰਕੇ ਉਹ ਆਪਣਾ ਗੁੱਸਾ ਪੀ ਗਿਆ---

ਬੱਸ ਵਿੱਚ ਬੈਠੀ ਪ੍ਰੀਤ ਪਾਣੀ ਪਾਣੀ ਹੋ ਗਈ, ਪ੍ਰੀਤ ਦਾ ਚਾਚਾ ਵੀ ਪ੍ਰੀਤ ਵੱਲ਼ ਗੁੱਸੇ ਨਾਲ਼ ਦੇਖ ਰਿਹਾ ਸੀ। ਇਸ ਦਿਨ ਉਹ ਕਾਲਜ ਵਿਚ ਸਾਰਾ ਦਿਨ ਰੋਈ ਗਈ। ਕਿ ਮੇਰੇ ਚਾਚੇ ਨੇ ਮੇਰੀ ਜਾਨ ਦੀ ਬੇਇਜ਼ਤੀ ਕਰ ਦਿੱਤੀ ਉਹ ਵੀ ਮੇਰੀਆਂ ਸਹੇਲੀਆਂ ਦੇ ਸਾਹਮਣੇ।

**" ਕਿਉਂ ਬਦਨਾਮ ਹੋ ਗਏ ਉਹ ਮੇਰੇ ਕਰਕੇ**
**ਜਿਸਦਾ ਕੋਈ ਕਸੂਰ ਨਹੀਂ ਸੀ**

**ਮੈਂ ਹੀ ਪਾਗ਼ਲ ਸੀ ਦੇਖ਼ਣ ਲਈ ਮਜਬੂਰ ਕੀਤਾ**
**ਉਂਝ ਵੀ ਉਹ ਮੇਰੇ ਤੋਂ ਦੂਰ ਨਹੀਂ ਸੀ**
**ਕੀ ਕਰੀਏ ਦਿਲ ਦੇ ਦਸਤੂਰ ਮਾੜੇ**
**ਹਰ ਵਾਰ ਹੀ ਪਾਗ਼ਲ ਪਣ ਕਰਦਾ ਹੈ**
**ਮਨ ਕਹਿੰਦਾ ਕਿਉਂ ਤੰਗ ਕਰਦੈਂ ਇਸ ਨਿਮਾਣੇ ਨੂੰ**
**ਦਿਨ ਕਹਿੰਦਾ ਨਾ ਇਸ ਬਿਨ ਸਰਦਾ ਏ।"**

ਜਦੋਂ ਪ੍ਰੀਤ ਕਾਲਜ ਵਿਚੋਂ ਵਾਪਿਸ ਆਈ ਉਸਨੂੰ ਡਰ ਸੀ। ਕਿ ਮੇਰੇ ਪਾਪੇ ਨੂੰ ਚਾਚੇ ਨੇ ਨਾ ਦੱਸ ਦਿੱਤਾ ਹੋਵੇ ਪ੍ਰੰਤੂ ਅਜਿਹਾ ਨਹੀਂ ਸੀ। ਉਸਨੇ ਫ਼ੋਨ ਉੱਤੇ ਸਰਵ ਤੋਂ ਮਾਫ਼ੀ ਮੰਗੀ ਤੇ ਕਿਹਾ ਤੈਨੂੰ ਮੇਰੇ ਕਰਕੇ ਐਨੀਆਂ ਗਾਲ਼ਾਂ ਪਈਆਂ। ਉਹ ਸ਼ਰਮਿੰਦਾ ਸੀ—ਤੇ ਕੁਝ ਗੱਲ਼ਾਂ ਕਰਕੇ ਸਰਵ ਨੇ ਫ਼ੋਨ ਕੱਟ ਦਿੱਤਾ ਤੇ ਉਸ ਦੇ ਘਰ ਚਲਾ ਗਿਆ ਅੱਗੇ ਪ੍ਰੀਤ ਦਾ ਪਾਪਾ ਘਰ ਸੀ ਤੇ ਸਰਵ ਨੇ ਸਤਿ ਸ੍ਰੀ ਅਕਾਲ ਜੀ ਕਿਹਾ ਕਿ ਕੱਲ੍ਹ ਮੈਂ ਗਲ਼ਤੀ ਨਾਲ ਮੋਟਰ ਸਾਇਕਲ ਬੱਸ ਅੱਗੇ ਕਰ ਲਿਆ ਸੀ ਤੇ ਪ੍ਰੀਤ ਦੇ ਚਾਚਾ ਜੀ ਨੇ ਮੈਨੂੰ ਗਾਲ਼ਾਂ ਕੱਢੀਆਂ, ਤਾਂ ਅੱਗੋਂ ਇਹ ਗੱਲ਼ ਸੁਣ ਪ੍ਰੀਤ ਦੇ ਪਾਪਾ ਨੇ ਉਸਨੂੰ ਹੌਂਸਲਾ ਦੇਂਦਿਆਂ ਕਿਹਾ ਕਿ " ਉਸਦਾ ਸੁਭਾਅ ਐਵੇਂ ਦਾ ਐ।"

ਤੂੰ ਗੁੱਸਾ ਨਾ ਕਰੀਂ। ਇਹ ਗੱਲ਼ ਕਰ ਸਰਵ ਆਪਣੇ ਘਰ ਵਾਪਿਸ ਆ ਗਿਆ ਪ੍ਰੀਤ ਦੇ ਪਾਪਾ ਨੂੰ ਕੁਝ ਪਤਾ ਨਹੀ ਸੀ ਕਿ ਪ੍ਰੀਤ ਦੀ ਉਸ ਨਾਲ ਕੋਈ ਗੱਲਬਾਤ ਏ--ਪ੍ਰੀਤ ਦੇ ਘਰ ਸਾਰਿਆਂ ਨੂੰ ਪਤਾ ਲੱਗ ਗਿਆ ਸੀ। ਪ੍ਰੀਤ ਦੇ ਪਾਪਾ ਨੂੰ ਨਹੀਂ ਪਤਾ ਸੀ ਪਰ ਇਹ ਗੱਲ਼ ਕਿਥੇ ਤੇ ਕਦੋਂ ਤੱਕ ਛੁੱਪਦੀ ਹੈ--- ਸਮੇਂ ਦੇ ਚੱਲਦਿਆਂ ਪ੍ਰੀਤ ਦੇ ਪਾਪਾ ਨੂੰ ਵੀ ਪਤਾ ਲੱਗ ਗਿਆ ਇਹ ਗੱਲ ਪਤਾ ਲੱਗਣ ਤੇ ਉਸਦਾ ਵਿਸ਼ਵਾਸ਼ ਟੁੱਟ ਗਿਆ। ਇਹ ਕੀ ਹੋਇਆ, ਉਹ ਸੋਚਦਾ---- ਪ੍ਰੀਤ ਦਾ ਪਾਪਾ, ਜੱਗਾ ਕਹਿੰਦਾ ਸੀ ਕਿ ਮੇਰੇ ਦੋਵੇਂ ਬੱਚਿਆਂ 'ਚੋਂ ਕੋਈ ਮੇਰਾ ਵਿਸ਼ਵਾਸ਼ ਨਹੀਂ ਤੋੜੇਗਾ ਉਸ ਦਾ ਭਰੋਸਾ ਸੀ ਕਿ ਪ੍ਰੀਤ ਕਦੇ ਵੀ ਗਲਤ ਕੰਮ ਨਹੀਂ ਕਰੇਗੀ ਪਰ ਇਹ ਗੱਲ ਸੁਣ ਪ੍ਰੀਤ ਦਾ ਮਨ ਘਬਰਾ ਗਿਆ ਕਿ ਮੇਰੇ ਮਾਪੇ ਮੇਰੇ ਬਾਰੇ ਕੀ ਸੋਚਦੇ ਨੇ, ਮੈਂ ਕੀ ਕਰ ਰਹੀ ਹਾਂ। ਉਸ ਦੇ ਦਿਲ ਤੇ ਦੁੱਖਾਂ ਦਾ ਪਹਾੜ ਟੁੱਟ ਪਿਆ, ਉਹ ਸੋਚਾਂ ਵਿੱਚ ਡੁੱਬ ਗਈ, ਉਸਦੀਆਂ ਤਾਰਿਆਂ ਭਰੀਆਂ ਰਾਤਾਂ ਵੀ ਅਮਾਵਸ ਵਾਂਗ ਕਾਲੀਆਂ ਹੋ ਗਈਆਂ ਸਨ। ਉਹ ਇਸ ਇਸ਼ਕ ਦੀ ਜੰਗ ਵਿੱਚ ਸਾਰੇ ਸੰਸਾਰ ਦੇ ਅੱਗੇ ਕੱਲ਼ੀ ਹੀ ਖੜ੍ਹੀ ਸੀ ਤੇ ਜ਼ੋਰ ਜ਼ੋਰ ਨਾਲ ਚੀਕਾਂ ਮਾਰ ਰਹੀ ਸੀ ਕਿ ਮੇਰਾ ਪਿਆਰ ਮੇਰੀ ਝੋਲੀ ਪਾ ਦਿਓ ਮੈਨੂੰ ਜੀਣ ਦਿਉ ਪਰ ਉਸਦੀ ਪੁਕਾਰ ਸੁਨਣ ਵਾਲਾ ਕੋਈ ਨਹੀਂ ਸੀ,, ਸਰਵ ਉਸਨੂੰ ਹੌਂਸਲਾ ਦਿੰਦਾ ਉਸ ਨਾਲ ਖੜ੍ਹਾ ਸੀ ਇਹ ਸਭ ਗੱਲ਼ਾਂ ਸੁਣ ਮੈਂ ਵੀ ਅਜ਼ੀਬ

ਜਿਹੀ ਸੋਚ ਵਿੱਚ ਪੈ ਗਿਆ, ਪ੍ਰੀਤ ਤੇ ਸਰਵ ਦੀ ਮੁਹੱਬਤ ਦਾ ਸਭ ਨੂੰ ਪਤਾ ਲੱਗ ਗਿਆ ਸੀ ਫਿਰ ਵੀ ਪ੍ਰੀਤ ਨੇ ਹੌਸਲਾ ਨਾ ਹਾਰਿਆ---

**" ਕੀ ਹੋਇਆ ਜੱਗ ਵੈਰੀ ਬਣਿਆ**
**ਇਹ ਸੀ ਵਿੱਚ ਤਕਦੀਰਾਂ ਦੇ**
**ਉਹ ਹੀ ਮੇਰੇ ਨਾਲ਼ ਹੈ ਹੋਣਾ**
**ਜੋ ਹੋਇਆ ਸੰਗ ਹੀਰਾਂ ਦੇ।"**

ਹੁਣ ਉਨ੍ਹਾਂ ਦੇ ਮਾਪੇ ਸੁਚੇਤ ਹੋ ਉਨ੍ਹਾਂ ਤੇ ਨਜ਼ਰ ਰੱਖਣ ਲੱਗੇ ਪਰ ਉਹ ਪਿਛੇ ਨਾ ਮੁੜੇ ਸਰਵ ਨੇ ਕਈ ਦਿਨਾਂ ਬਾਅਦ ਪ੍ਰੀਤ ਨੂੰ ਨਵਾਂ ਫ਼ੋਨ ਲੈ ਕੇ ਦੇ ਦਿੱਤਾ। ਫਿਰ ਤੋਂ ਉਹਨਾਂ ਵਿੱਚ ਗੱਲ਼ਾਂ ਹੋਣ ਲੱਗੀਆਂ, ਪ੍ਰੀਤ ਦਾ ਪਾਪਾ ਵੀ ਸਰਵ ਵੱਲ਼ ਕੌੜਾ ਦੇਖਣ ਲੱਗਾ, ਤੇ ਸਰਵ ਨੂੰ ਗੱਲ ਗੱਲ ਤੇ ਤਾਨੇ ਮਾਰਨ ਲੱਗਾ ਇਹ ਗੱਲਾਂ ਹਾਲੇ ਪ੍ਰੀਤ ਦੇ ਘਰ ਦੀਆਂ ਨੀਹਾਂ ਤੱਕ ਹੀ ਸੀਮਤ ਸਨ ਹੋਰ ਕਿਸੇ ਨੂੰ ਵੀ ਪਤਾ ਨਹੀਂ ਸੀ, ਜੱਗਾ ਸਾਰਾ ਕੰਮ ਪਹਿਲਾਂ ਸਰਵ ਤੋਂ ਕਰਵਾਉਂਦਾ ਸੀ ਹੁਣ ਦੇਖਣਾ ਵੀ ਪਾਪ ਸਮਝਣ ਲੱਗਾ। ਇਹ ਗੱਲ਼ਾਂ ਸਰਵ ਨੂੰ ਵੱਢ-ਵੱਢ ਖਾਣ ਲੱਗੀਆਂ ਸਨ ਉਹ ਸੁੱਤਾ ਪਿਆ ਰਾਤਾਂ ਨੂੰ ਉੱਠ ਬਹਿੰਦਾ ਤੇ ਆਪਦੇ ਆਉਣ ਵਾਲੇ ਸਮੇਂ ਬਾਰੇ ਸੋਚਦਾ, ਉਸਨੂੰ ਚਾਰੇ ਪਾਸੇ ਨਿਰਾਸ਼ਾ ਹੀ ਮਿਲਦੀ, ਉਸਦੇ ਲਈ ਸਾਰੇ ਦਰਵਾਜ਼ੇ ਬੰਦ ਹੋ ਗਏ ਜਾਪਦੇ ਸਨ। ਇਸ ਟੈਨਸ਼ਨ ਦਾ ਮਾਰਿਆ ਇਹ ਆਸ਼ਕ ਸ਼ਰਾਬ ਪੀਣ ਲੱਗ ਪਿਆ ਜੋ ਨਸ਼ੇ ਵੱਲ਼ ਵੇਖਦਾ ਵੀ ਨਹੀਂ ਸੀ। ਸਰਵ ਨੂੰ ਪਤਾ ਨਹੀਂ ਕੀ ਹੋ ਗਿਆ ਇਕ ਦਿਨ ਉਹ ਸ਼ਾਮ ਤੋਂ ਲੈ ਕੇ ਸਵੇਰ ਤੱਕ ਸ਼ਰਾਬ ਪੀਂਦਾ ਰਿਹਾ ਤੇ ਸਾਰੀ ਰਾਤ ਪ੍ਰੀਤ ਦਿਆਂ ਦੁੱਖਾਂ ਨੂੰ ਲੈ ਕੇ ਰੋਂਦਾ ਰਿਹਾ। ਉਸਦੀ ਜ਼ਿੰਦਗੀ ਕਿਸ ਮੋੜ ਤੇ ਆ ਕੇ ਖੜ੍ਹੀ ਸੀ ਮੈਂ ਇਸ ਨੂੰ ਦਿਲਾਸਾ ਕਿੰਝ ਦੇਵਾਂ ਸੋਚ ਰਿਹਾ ਸੀ।

**" ਰੱਬਾ ਲਾਵੀ ਨਾ ਰੋਗ ਇਸ਼ਕ ਦਾ**
**ਐਦੂੰ ਜਾਨ ਛੁਟੀ ਹੀ ਚੰਗੀ ਏ**
**ਉਹਨਾਂ ਬੇਕਦਰਾਂ ਨੇ ਕੀ ਇਸ਼ਕ ਦੀ ਕਦਰ ਪਾਉਣੀ**
**ਜਿਹਨਾਂ ਦੀ ਸੋਚ ਹੀ ਯਾਰੋ ਗੰਦੀ ਏ**
**ਇਸ਼ਕ ਕਰਨਾ ਕੰਮ ਫ਼ਕੀਰਾਂ ਦਾ**
**ਜੋ ਖ਼ੁਦਾ ਏ ਇਸ਼ਕ 'ਚ ਟੱਲੀ ਏ**
**ਰਿਹਾਨ ਕੀ ਜਾਣੇ ਗ਼ਮ ਵਿਛੋੜੇ ਦਾ**
**ਜਿਹਨੇ ਪੀੜ ਨਾ ਵੇਖੀ ਅਵੱਲੀ ਏ ।"**

ਉਸਦੀ ਇਹ ਹਾਲਤ ਦੇ ਕੇ ਮੇਰੀਆਂ ਅੱਖਾਂ ਵੀ ਭਰ ਆਈਆਂ ਤੇ ਆਪੇ ਵਿਚ ਬੋਲ ਪਿਆ—

**" ਰੋਗ ਇਸ਼ਕਦਾ ਬਹੁਤ ਅਵੱਲਾ**
**ਦਰ ਦਰ ਭੀਖ਼ ਮੰਗਾਵੇ।**
**ਜਿਸ ਜਿੰਦੜੀ ਨੂੰ ਇਹ ਲਗ ਗਿਆ**
**ਚੈਨ ਨਾ ਕਿਧਰੇ ਪਾਵੇ।**
**ਇਸ ਰੋਗ ਦਾ ਕੋਈ ਨਾ ਦਾਰੂ**
**ਰਿ ਦਰ ਭੀਖ ਮੰਗਾਵੇ**
**ਪਾਣੀ, ਪਾਕ ਝਨਾ ਦਾ ਵਹਿੰਦਾ**
**ਨਿੱਤ ਬੁਝਾਰਤਾਂ ਪਾਵੇ ।"**

ਸਰਵ ਦੇ ਦਿਲ ਦੀ ਤਾਰ ਹੁਣ ਪ੍ਰੀਤ ਦੇ ਹੱਥ ਵਿਚ ਸੀ ਜੋ ਜੋੜ ਵੀ ਸਕਦੀ ਸੀ ਤੇ ਤੋੜ ਵੀ, ਜੇ ਪ੍ਰੀਤ ਪਿੱਛੇ ਹੱਟ ਜਾਵੇ ਤਾਂ ਸਰਵ ਆਪੇ ਆਪਣਾ ਰਾਹ ਬਦਲ ਲੈਂਦਾ। ਕਿਉਂਕਿ ਉਸਨੂੰ ਪਤਾ ਸੀ ਕਿਸੇ ਨੂੰ ਪਾਉਣਾ ਜਾਂ ਹਾਸਿਲ ਕਰਨਾ ਪਿਆਰ ਨਹੀਂ ਸਗੋਂ ਕੁਰਬਾਨੀ ਨੂੰ ਪਿਆਰ ਕਹਿੰਦੇ ਨੇ ਹਾਲ਼ੇ ਤਾਂ ਸਿਰਫ਼ ਪ੍ਰੀਤ ਦੇ ਘਰ ਵਿੱਚ ਗੱਲ਼ ਸੀ ਕੁਝ ਨਹੀਂ ਵਿਗੜਿਆ ਸੀ..

ਉਸ ਨੂੰ ਡਰ ਸੀ ਕਿ ਕਿਧਰੇ ਆਲ਼ੇ ਦੁਆਲ਼ੇ ਲੋਕਾਂ ਨੂੰ ਪਤਾ ਨਾ ਲੱਗ ਜਾਵੇ, ਸਾਡੇ ਪਿਆਰ ਦੀ ਬਦਨਾਮੀ ਨਾ ਹੋ ਜਾਵੇ। ਕਿਉਂਕਿ ਉਹ ਨਹੀਂ ਚਾਹੁੰਦਾ ਸੀ ਕਿ ਕੋਈ ਪ੍ਰੀਤ ਨੂੰ ਮਾੜਾ ਆਖ਼ੇ ਪਰ ਉਹ ਪਿਛੇ ਵੀ ਹਟ ਨਹੀਂ ਸਕਦਾ ਸੀ।

ਉਸਨੇ ਪ੍ਰੀਤ ਨੂੰ ਫ਼ੋਨ ਲਾ ਉਸ ਨੂੰ ਸਮਝਾਇਆ ਕਿ ਆਪਾਂ ਪਿਛੇ ਮੁੜ ਚਲਦੇ ਆਂ .. ਮੈਂ ਤੇਰੇ ਲਈ ਸਾਰੀ ਉਮਰ ਵਿਆਹ ਨਹੀਂ ਕਰਵਾਉਂਦਾ, ਪਰ ਉਹ ਨਾ ਮੰਨੀ ਤੇ ਕਹਿਣ ਲੱਗੀ " ਸਿਰਫ਼ ਇਕ ਵਾਰ ਮੈਨੂੰ ਆਪਣੀ ਬਣਾ ਲੈ ਫਿਰ ਭਾਵੇਂ ਮੈਨੂੰ ਮਾਰ ਦੇਵੀਂ। ਮੈਂ ਆਪਣਾ ਪਿਆਰ ਝੂਠਾ ਨਹੀਂ ਹੋਣ ਦੇਣਾ।" ਕਿਉਂਕਿ ਪਿਆਰ ਕਰਨਾ ਕੋਈ ਪਾਪ ਤਾਂ ਨਹੀਂ," ਹਰ ਇਨਸਾਨ ਪਿਆਰ ਕਰਦਾ ਏ, ਮੈਂ ਵੀ ਕੀਤਾ ਏ। ਮੈਂ ਤੈਨੂੰ ਛੱਡ ਨਹੀਂ ਸਕਦੀ ਇਸ ਦਿਲ ਨੇ ਜੇ ਕਿਸੇ ਨੂੰ ਚਾਹਿਆਂ ਏ ਤਾਂ ਸਰਵ ਸਿਰਫ਼ ਤੂੰ ਏਂ ਫੇਰ ਤੂੰ ਇਹ ਕਿਵੇਂ ਸੋਚ ਲਿਆ ਕਿ ਮੈਂ ਤੈਨੂੰ ਮਾੜਾ ਕਹਿ ਸਕਦੀ ਹਾਂ ਜਾਂ ਤੇਰੇ ਪਿਆਰ ਨੂੰ—"

**" ਕੀ ਆਖ਼ਾਂ ਸੱਜਣ ਪਿਆਰੇ ਨੂੰ**
**ਤੇਰੇ ਬਿਨ ਪਲ਼ ਅਸੀਂ ਨਹੀਂ ਰਹਿ ਸਕਦੇ**
**ਵੱਢ ਦੇਵੀਂ ਜ਼ਬਾਨ ਮੰਨਜ਼ੂਰ ਸਾਨੂੰ**
**ਮਾੜਾ ਸ਼ਬਦ ਨਾ ਤੈਨੂੰ ਕੋਈ ਕਹਿ ਸਕਦੇ**
**ਤੇਰਾ ਫੈਸਲਾ ਹਰ ਮਨਜ਼ੂਰ ਸਾਨੂੰ**
**ਤੇਰੇ ਬਿਨਾਂ ਨਾ ਪਲ਼ ਵੀ ਰਹਿ ਸਕਦੇ**

ਤੂੰ ਕਰੀਂ ਮਨਜ਼ੂਰ ਪਿਆਰ ਸਾਡਾ
'ਰਿਹਾਨ' ਦਰਦ ਹਰ ਤੇਰੇ ਲਈ ਸਹਿ ਸਕਦੇ।"

ਲੋਕਾਂ ਦੀ ਪਰਵਾਹ ਕਰੇ ਬਿਨਾਂ ਸਰਵ ਨੇ ਉਸ ਨਾਲ ਖੜ੍ਹਣ ਦਾ ਫੈਸਲਾ ਕਰ ਲਿਆ। ਜਿਨਾਂ ਵੀ ਘਰਦੇ ਉਹਨਾਂ ਨੂੰ ਮਾੜਾ ਬੋਲਦੇ ਉਹਨਾਂ ਦਾ ਪਿਆਰ ਹੋਰ ਵੀ ਗੂੜ੍ਹਾਂ ਹੁੰਦਾ ਗਿਆ। ਫਰਵਰੀ ਦਾ ਦਿਨ ਸੀ ਤੇ ਸਰਵ ਦਾ ਜਨਮ ਦਿਨ ਸੀ। ਪ੍ਰੀਤ ਨੇ ਕਾਲਜ ਆਉਣ ਤੋਂ ਬਾਅਦ ਫ਼ੋਨ ਕੀਤਾ ਤੇ ਕਿਹਾ ਕਿ " ਅੱਜ ਮੰਮੀ ਘਰ ਕੱਲੀ ਐ ਤੂੰ ਰਾਤ ਨੂੰ 10 ਵਜੇ ਘਰ ਆ ਜਾਵੀਂ। ਕਿਉਂਕਿ 12 ਵਜੇ ਆਪਾਂ ਦੋਵੇ ਮਿਲ ਕੇ ਤੇਰਾ ਜਨਮ ਦਿਨ ਮਨਾਵਾਂਗੇ। ਮੈਂ ਚਾਹੁੰਦੀ ਹਾਂ ਕਿ ਇਸ ਪਲ਼ ਮੈਂ ਤੇਰੇ ਨਾਲ਼ ਰਹਾਂ। ਮੈਂ ਤੈਨੂੰ ਵਿਸ਼ ਕਰਨਾ ਚਾਹੁੰਦੀ ਹਾਂ।" ਸਮਾਂ ਬੀਤ ਗਿਆ ਸ਼ਾਮ ਹੋਈ ਸਰਵ ਘਰੇ ਟਾਇਮ ਪੀਸ ਦੀਆਂ ਸੂਈਆਂ ਵੇਖ ਰਿਹਾ ਸੀ ਕਿ ਕਦੋਂ 10 ਵੱਜਣ ਉਹ ਉਸਦੇ ਘਰ ਜਾਵੇ ਉਸ ਨੇ ਪ੍ਰੀਤ ਲਈ ਝਾਂਜਰਾਂ ਲਿਆਂਦੀਆਂ ਸਨ ਪ੍ਰੀਤ ਹਰ ਵਾਰ ਉਸਨੂੰ ਕਹਿੰਦੀ ਸੀ ਕਿ ਮੈਨੂੰ ਝਾਂਜਰਾਂ ਪਾਉਣ ਦਾ ਬੜਾ ਸ਼ੌਂਕ ਏ। ਮੈਂ ਤੇਰੀਆਂ ਲਿਆਂਦੀਆਂ ਝਾਂਜਰਾਂ ਪਾ ਕੇ ਵਿਹੜੇ ਵਿੱਚ ਛਣ-ਛਣ ਕਰਦੀ ਫਿਰਾਂ। ਇਸ ਲਈ ਸਰਵ ਪ੍ਰੀਤ ਲਈ ਆਪਣੇ ਜਨਮ ਦਿਨ ਤੇ ਚਾਂਦੀ ਦੀਆਂ ਝਾਂਜਰਾਂ ਲੈ ਆਇਆ ਸੀ।.. ਮੰਜੇ ਤੇ ਬੈਠਾ ਝਾਂਜਰਾਂ ਵੱਲ਼ ਵੇਖ ਕੇ ਹੱਸ ਰਿਹਾ ਸੀ ਤੇ ਛਣਕਾ ਰਿਹਾ ਸੀ ਅਤੇ ਉਹ ਉਸਦਾ ਮੂੰਹ ਮਿੱਠਾ ਕਰਾਉਣ ਲਈ ਉਸਨੂੰ ਅਤੇ ਉਸਦੀਆਂ ਸਹੇਲੀਆਂ ਲਈ ਟੌਫ਼ੀਆਂ ਲੈ ਕੇ ਆਇਆ ਸੀ ।ਠੰਢ ਦਾ ਮੌਸਮ ਸੀ ਸੰਘਣੀ ਧੁੰਦ ਪੈ ਰਹੀ ਸੀ ਉਹ ਘਰੋਂ ਦੱਬੇ ਪੈਰੀਂ ਚੱਲ ਪਿਆ ਡਰ ਵੀ ਲੱਗ ਰਿਹਾ ਸੀ ਪਰ ਮਿਲਣਾ ਵੀ ਜ਼ਰੂਰੀ ਸੀ, ਪ੍ਰੀਤ ਵੀ ਉਸ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੀ ਸੀ। ਉਹ ਹੌਲੀ-ਹੌਲ਼ੀ ਪ੍ਰੀਤ ਦੇ ਘਰ ਦੇ ਗੇਟ ਤੱਕ ਪਹੁੰਚ ਗਿਆ। ਪ੍ਰੀਤ ਦਾ ਇੰਤਜ਼ਾਰ ਕਰਨ ਲੱਗਾ.. ਉਹ ਉਸਦੇ ਕਮਰੇ ਵੱਲ਼ ਵੇਖ ਰਿਹਾ ਸੀ ਤੇ ਅਚਾਨਕ ਹੀ ਕਮਰੇ ਦਾ ਦਰਵਾਜ਼ਾ ਖੁ਼ਲਿਆ ਤੇ ਉਸ ਨੂੰ ਲਗਾ ਕਿ ਪ੍ਰੀਤ ਆ ਗਈ, ਪ੍ਰੰਤੂ ਉਸਦੀ ਬੇਬੇ ਉੱਠ ਗਈ ਸੀ ਅਤੇ ਉਸਨੂੰ ਕਹਿ ਰਹੀ ਸੀ ਕਿ ਪ੍ਰੀਤ ਤੂੰ ਉੱਠ ਕੇ ਕਿਥੇ ਜਾ ਰਹੀ ਏ, ਉਸਨੇ ਬਾਥਰੂਮ ਦਾ ਬਹਾਨਾ ਲਾ ਦਿੱਤਾ ਤੇ ਬਾਥਰੂਮ ਚਲੀ ਗਈ। ਸਰਵ ਕਣਕ ਵਿੱਚ ਲੁੱਕ ਗਿਆ, ਬੇਬੇ ਨੂੰ ਸ਼ੱਕ ਹੋਇਆ ..ਪ੍ਰੀਤ ਕਾਫ਼ੀ ਦੇਰ ਤੱਕ ਉੱਥੇ ਹੀ ਖੜ੍ਹੀ ਰਹੀ ਬੇਬੇ ਕੰਧ ਉਪਰ ਦੀ ਖੇਤਾਂ ਵੱਲ ਵੇਖਣ ਲੱਗੀ ਤਾਂ ਸਰਵ ਨੂੰ ਇੰਜ ਲਗਾ ਜਿਵੇਂ ਉਸ ਦੀ ਪ੍ਰੀਤ ਹੈ ਉਹ ਇਕ ਦਮ ਖੜ੍ਹਾ ਹੋ ਗਿਆ ਤੇ ਸਮਾਨ ਫੜਾਉਣ ਲੱਗਾ, ਦੇਖਿਆ ਕਿ ਉਥੇ ਕੋਈ ਹੋਰ ਸੀ, ਬੇਬੇ ਨੇ ਸਰਵ ਨੂੰ ਦੇਖ ਲਿਆ ਤੇ ਉੱਚੀ-ਉੱਚੀ ਰੌਲ਼ਾ ਪਾਉਣ ਲੱਗੀ ਤਾਂ ਉਹ ਦੌੜ ਗਿਆ .. ਇਹ ਤੱਕ ਕੇ ਪ੍ਰੀਤ ਘਬਰਾ ਗਈ।

ਬੇਬੇ ਨੇ ਪ੍ਰੀਤ ਦੀ ਮੰਮੀ ਨੂੰ ਜਗਾਇਆ ਤੇ ਆਖਿਆ " ਕੁੜੇ ਬਲਜੀਤ ਮੈਨੂੰ ਲਗਦੈ ਕੋਈ ਮੁੰਡਾ ਸਾਡੀ ਕੰਧ ਟੱਪਣ ਲੱਗਾ ਸੀ " ਤੂੰ ਸੁੱਤੀ ਪਈ ਐਂ। ਮੈਨੂੰ ਤਾਂ ਕੁਝ ਕਾਲਾ ਕਾਲਾ ਲਗਦੈ। ਵੇਖ ਕੁੜੀ ਕਿਥੇ ਐਂ। ਪੁੱਛ ਉਹਤੋਂ ਕੌਣ ਸੀ।" ਸੁਣਦਿਆਂ ਬਲਜੀਤ ਨੇ ਪ੍ਰੀਤ ਨੂੰ ਅਵਾਜ਼ ਮਾਰੀ। ਪ੍ਰੀਤ ਮਚਲੀ ਹੋਈ ਅੱਖਾਂ ਮਲਦੀ ਬਾਹਰ ਆਈ ਤੇ ਬੋਲਣ ਲੱਗੀ " ਕੀ ਐ ਬੇਬੇ ----" ਮੈਨੂੰ ਲਗਦੈ ਕੋਈ ਮੁੰਡਾ ਸੀ ਜੋ ਮੈਨੂੰ ਦੇਖ ਕੇ ਦੌੜ ਗਿਆ। " ਮੈਨੂੰ ਕੀ ਪਤੈ " ਆਖ ਪ੍ਰੀਤ ਨੇ ਪੱਲਾ ਝਾੜ ਦਿੱਤਾ। ਉਧਰ ਸਰਵ ਘਰੇ ਆ ਬੈਠ ਕੇ ਸੋਚਣ ਲੱਗਾ ਕਿ ਇਹ ਕੀ ਹੋ ਗਿਆ ਮੇਰੀ ਵਜ੍ਹਾ ਨਾਲ ਪ੍ਰੀਤ ਅੱਜ ਫੇਰ ਨਵੀਂ ਮੁਸੀਬਤ ਵਿੱਚ ਫਸ ਗਈ ਉਹ ਸਾਰੀ ਰਾਤ ਸੋਚਦਾ ਰਿਹਾ ਕਿ ਪ੍ਰੀਤ ਦਾ ਕੀ ਹਾਲ ਕੀਤਾ ਹੋਣਾ ਉਨ੍ਹਾਂ ਪਿਆਰ ਦਿਆਂ ਦੁਸਮਣਾਂ ਨੇ, ਉਸਦੇ ਦਿਲ ਵਿੱਚ ਅਜੀਬ-ਅਜੀਬ ਸਵਾਲ ਸੂਲ਼ਾਂ ਵਾਂਗ ਚੁੱਭਦੇ ਦਿਲ ਨੂੰ ਛੱਲਣੀ ਕਰ ਰਹੇ ਸਨ। ਉਸ ਨੂੰ ਸਾਰੀ ਦੁਨੀਆਂ ਹੀ ਵੈਰੀ ਬਣ ਗਈ ਲੱਗ ਰਹੀ ਸੀ । ਪ੍ਰੀਤ ਨੂੰ ਉਸਦੀ ਮਾਂ ਤਾਨ੍ਹੇ ਮਾਰ ਰਹੀ ਸੀ ਕਿ ਸਾਡੀ ਇੱਜ਼ਤ ਦਾ ਭੋਰਾ ਖ਼ਿਆਲ ਨਾ ਆਇਆ ਤੈਨੂੰ। ਤੇਰੇ ਲਈ ਅਸੀਂ ਕੀ ਨਹੀਂ ਕੀਤਾ ਸਾਡਾ ਪਿਆਰ ਨਜ਼ਰ ਨਹੀਂ ਆਇਆ ਤੈਨੂੰ ਸਿਰਫ਼ ਉਸ ਖ਼ਸਮ ਦੀ ਪਈ ਹੈ।

ਸਾਡੇ ਸਾਰੇ ਅਰਮਾਨ ਤੋੜ ਦਿੱਤੇ ਤੈਨੂੰ ਪੜ੍ਹਾਇਆ ਲਿਖਾਇਆ, ਸਾਡੇ ਪਿਆਰ ਦਾ ਤੂੰ ਇਹ ਇਨਾਮ ਦੇ ਰਹੀ ਏ। ਪ੍ਰੀਤ ਚੁੱਪ ਸੀ। ਉਸਨੂੰ ਕੋਈ ਵੀ ਜਵਾਬ ਨਹੀਂ ਆ ਰਿਹਾ ਸੀ ਮਾਂ ਦੇ ਬੋਲ ਉਸਦੇ ਸੀਨੇ ਨੂੰ ਛੱਲਣੀ ਕਰਦੇ ਜਾ ਰਹੇ ਸਨ। ਉਸ ਉੱਤੇ ਦੁੱਖਾਂ ਦਾ ਪਹਾੜ ਟੁੱਟ ਚੁੱਕਾ ਸੀ, ਉਸ ਦੀਆਂ ਅੱਖਾਂ ਵਿਚ ਇਉਂ ਲੱਗਦਾ ਸੀ ਕਿ ਸਾਰੇ ਸਾਗਰ ਸਮਾ ਗਏ ਹੋਣ ਤੇ ਨਦੀਆਂ ਬਣ ਵਹਿਣ ਲੱਗੇ ਹੋਣ।

ਸੋਚਦੇ ਸੋਚਦੇ ਦੋਵੇਂ ਮਨ ਜਿਹਾ ਮਾਰ ਸੌਂ ਗਏ ਉਹਨਾਂ ਲਈ ਇਹ ਰਾਤ ਇਕ ਸਾਲ ਵਾਂਗ ਗੁਜਰੀ। ਮਾਂ ਦੇ ਤਾਨ੍ਹੇ ਤੇ ਸਰਵ ਦਾ ਚਿਹਰਾ ਉਸ ਦੀਆਂ ਅੱਖਾਂ ਸਾਹਮਣੇ ਘੁੰਮ ਰਹੇ ਸਨ। ਸਵੇਰ ਹੋਈ ਪ੍ਰੀਤ ਨੇ ਫ਼ੋਨ ਕੀਤਾ ਤੇ ਜਨਮ ਦਿਨ ਦੀ ਵਧਾਈ ਦਿੱਤੀ ਅਤੇ ਖ਼ੁਸ਼ੀ ਦਾ ਇਜ਼ਹਾਰ ਕੀਤਾ, ਉਹ ਹੈਰਾਨ ਹੋ ਗਿਆ ਕਿ ਐਨਾ ਕੁਝ ਹੋਣ ਦੇ ਬਾਅਦ ਵੀ ਉਹ ਐਨੀ ਖ਼ੁਸ਼ ਸੀ ਕਿਉਂਕਿ ਪ੍ਰੀਤ ਨਹੀਂ ਚਾਹੁੰਦੀ ਸੀ ਕਿ ਜਨਮ ਦਿਨ ਤੇ ਉਸਨੂੰ ਉਦਾਸ ਕਰਾਂ ਉਸਨੇ ਸਾਰੇ ਦੁੱਖਾਂ ਨੂੰ ਸੁਪਨਾ ਸਮਝ ਕੇ ਹਨੇਰੇ ਵਿੱਚ ਦਫ਼ਨਾ ਦਿੱਤਾ ਸੀ।

ਉਸਨੇ ਪ੍ਰੀਤ ਨੂੰ ਰਾਤ ਵਾਲੀ ਘਟਨਾ ਬਾਰੇ ਪੁੱਛਿਆ ਤੇ ਪ੍ਰੀਤ ਨੇ ਜਵਾਬ ਦਿੱਤਾ ਪਤਾ ਜ਼ਰੂਰ ਲੱਗ ਗਿਆ ਸੀ ਪਰ ਮੈਨੂੰ ਕੁਝ ਨਹੀਂ ਕਿਹਾ ਤੇ ਐਨਾ ਕਹਿ ਕੇ ਫ਼ੋਨ ਕੱਟ ਦਿੱਤਾ ਕਿਉਂਕਿ ਉਹ ਉਸਦੇ ਪਾਪਾ ਦਾ ਫ਼ੋਨ ਸੀ ਫ਼ੋਨ

ਬਹੁਤ ਰਿਸਕ ਤੇ ਕੀਤਾ ਸੀ ਤੇ ਗੱਲ ਥੋੜੀ ਠੰਡੀ ਪੈ ਗਈ, ਸਰਵ ਸੋਚਾਂ ਵਿੱਚ ਡੁੱਬ ਗਿਆ ਫਿਰ ਨਹਾ ਧੌ ਕੇ ਦੁਕਾਨ ਤੇ ਚਲਾ ਗਿਆ।

ਸਾਰਾ ਦਿਨ ਗੁਜ਼ਰ ਗਿਆ। ਪ੍ਰੀਤ ਨਜ਼ਰ ਨਾ ਆਈ, ਉਹ ਕੰਮ ਕਰ ਰਿਹਾ ਸੀ ਪ੍ਰੰਤੂ ਉਸਦਾ ਧਿਆਨ ਪ੍ਰੀਤ ਵਿੱਚ ਸੀ। ਉਹ ਸਾਰਾ ਦਿਨ ਅੱਡੇ ਵੱਲ਼ ਵੇਖਦਾ ਰਿਹਾ। ਸ਼ਾਮ ਵਾਲੀ ਲਾਰੀ ਆਈ, ਉਸ ਵਿੱਚੋਂ ਪ੍ਰੀਤ, ਉਸਦੀ ਮਾਸੀ ਅਤੇ ਦੋਵੇਂ ਕੁੜੀਆਂ ਉਤਰੀਆਂ ਸ਼ਾਇਦ ਉਹ ਸਮਾਨ ਲੈਣ ਗਈਆਂ ਸਨ। ਉਤਰਦੇ ਸਾਰ ਹੀ ਉਸਨੇ ਸਰਵ ਦੀ ਦੁਕਾਨ ਵੱਲ਼ ਵੇਖਿਆ, ਤਾਂ ਉਸਨੂੰ ਦੇਖ ਉਸ ਦੀ ਜਾਨ ਵਿਚ ਜਾਨ ਆਈ। ਉਹ ਥੋੜੀ ਉਦਾਸ ਸੀ ਤੇ ਨੀਵੀਂ ਜਿਹੀ ਪਾ ਘਰ ਵੱਲ਼ ਤੁਰ ਪਈ, ਘਰ ਜਾਣ ਤੋਂ ਪਹਿਲਾਂ ਉਹ ਆਪਣੀ ਸਹੇਲੀ ਸੱਬੋ ਦੇ ਘਰ ਕਿਤਾਬਾਂ ਦੇ ਬਹਾਨੇ ਚਲੀ ਗਈ ਉਸਨੇ ਸੱਬੋ ਦੇ ਫ਼ੋਨ ਤੋਂ ਫ਼ੋਨ ਕੀਤਾ ਤੇ ਉਸ ਨਾਲ਼ ਗੱਲ ਕੀਤੀ। ਰਾਤ ਵਾਲ਼ੀ ਘਟਨਾ ਬਾਰੇ ਦੱਸਿਆ ਉਹ ਗੱਲ਼ ਕਰਦੀ ਕਰਦੀ ਰੋ ਪਈ ਉਸਨੂੰ ਰਾਤ ਵਾਲ਼ੀ ਗੱਲ ਦਾ ਕੋਈ ਦੁੱਖ ਨਹੀਂ ਸੀ। ਸਿਰਫ਼ ਡਰ ਸੀ ਕਿ ਉਸਦੇ ਘਰਦੇ ਸਰਵ ਨੂੰ ਉਸਤੋਂ ਵੱਖ ਨਾ ਕਰ ਦੇਣ ਉਸਦੇ ਘਰ ਦੇ ਉਸਦੇ ਵਿਆਹ ਦੀਆਂ ਗੱਲ਼ਾਂ ਕਰਨ ਲੱਗੇ ਸਨ ਜਾਂ ਉਸਨੂੰ ਕਿਸੇ ਦੂਰ ਰਿਸ਼ਤੇਦਾਰੀ ਵਿਚ ਭੇਜਣ ਦੀਆਂ ਸਲਾਹਾਂ ਕਰਦੇ। ਪ੍ਰੀਤ ਉਸਨੂੰ ਨੂੰ ਕਹਿਣ ਲੱਗੀ ਕਿ ਉਹ ਮੈਨੂੰ ਇਥੋਂ ਕਿਤੇ ਦੂਰ ਲੈ ਜਾਵੇ ਅਤੇ ਉਹ ਆਪਣਾ ਸਾਰਾ ਸਮਾਨ ਗਹਿਣਾ-ਗੱਟਾ ਚੁੱਕ ਲਿਆਵੇਗੀ। ਬਸ ਮੈਨੂੰ ਇੱਥੋਂ ਲੈ ਜਾਹ—" ਪ੍ਰੰਤੂ ਉਸਨੇ ਉਹਨੂੰ ਸਮਝਾਇਆ ਕਿ ਇਹ ਸਭ ਐਵੇਂ ਨਹੀਂ ਹੋ ਸਕਦਾ ਮੈਂ ਤੈਨੂੰ ਘਰੋਂ ਕਿਵੇਂ ਲੈ ਜਾਵਾਂ ਐਨਾ ਅਸਾਨ ਨਹੀਂ, ਪ੍ਰੀਤ ਉਸਦੇ ਹਾੜੇ ਕੱਢ ਰਹੀ ਸੀ। ਮੈਨੂੰ ਕੁੱਝ ਨਹੀਂ ਪਤਾ ਮੈਨੂੰ ਲੈ ਜਾ ਬਸ, ਸਰਵ ਨੇ ਇਨਕਾਰ ਕਰ ਦਿੱਤਾ ਤੇ ਕਿਹਾ ਆਪਾਂ ਆਪਣੇ ਮਾਂ ਬਾਪ ਨੂੰ ਕਿਵੇਂ ਧੋਖਾ ਦੇ ਸਕਦੇ ਹਾਂ। ਸਰਵ ਨੇ ਉਸਨੂੰ ਹੌਂਸਲਾ ਦਿੱਤਾ ਕਿ ਤੈਨੂੰ ਕਿਸੇ ਹੋਰ ਦੀ ਨਹੀਂ ਹੋਣ ਦਿੰਦਾ, ਪ੍ਰੰਤੂ ਪ੍ਰੀਤ ਦੇ ਦਿਲ ਵਿਚ ਡਰ ਸੀ ਕਿ ਉਸਦੇ ਘਰਦੇ ਉਸਨੂੰ ਕਿਤੇ ਭੇਜ ਨਾ ਦੇਣ ਉਹ ਬਹੁਤ ਦੁੱਖੀ ਸੀ। ਸਰਵ ਨੇ ਉਸਨੂੰ ਬਹੁਤ ਸਮਝਾਇਆ ਪਰ ਉਹ ਨਾ ਮੰਨੀ, ਤਾਂ ਉਸਨੇ ਗੁੱਸੇ ਵਿੱਚ ਆ ਕੇ ਕਹਿ ਦਿੱਤਾ " ਜੇ ਨਹੀਂ ਰਹਿ ਸਕਦੀ ਤਾਂ ਜਾ ਮਰ ਜਾ" ਇਹ ਸੁਣਦਿਆਂ ਹੀ ਪ੍ਰੀਤ ਨੇ ਫ਼ੋਨ ਕੱਟ ਦਿੱਤਾ। ਸੱਬੋ ਦੇ ਘਰੋਂ ਭੱਜ ਉਹ ਸਿੱਧੀ ਘਰ ਗਈ ਅਤੇ ਬਿਜਲੀ ਦੇ ਪਲੱਗ ਵਿੱਚ ਨੰਗੀ ਤਾਰ ਲਾ ਕੇ ਆਪਣੀ ਜੀਵਨ ਲੀਲਾ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ। ਪ੍ਰੰਤੂ ਕਰੰਟ ਦੇ ਝਟਕੇ ਨਾਲ਼ ਉਹ ਮੂਧੇ ਮੂੰਹ ਡਿੱਗ ਪਈ। ਕੁਝ ਨਾ ਹੁੰਦਾ ਦੇਖ ਫਿਰ ਉਸਨੇ ਤੂੜੀ ਵਾਲ਼ੇ ਘਰ ਜਾ ਸਪਰੇ ਦੀ ਸ਼ੀਸ਼ੀ ਚੁੱਕ ਮੂੰਹ ਨੂੰ ਲਾ ਲਈ ਅਤੇ ਗੱਟ-ਗੱਟ ਕਰਕੇ ਦੋ ਘੁੱਟ ਨਿਘਾਰ ਲਏ ਅਤੇ ਆਪਣੇ ਕਮਰੇ ਦਾ ਦਰਵਾਜ਼ਾ ਬੰਦ ਕਰ ਬੈੱਡ ਉੱਤੇ ਜਾ ਡਿਗੀ।

ਉਸਦਾ ਸਾਰਾ ਸਰੀਰ ਨੀਲ਼ਾ ਪੈ ਗਿਆ। ਬਲਜੀਤ ਰੋਟੀ ਪਕਾ ਰਹੀ ਸੀ ਅਚਾਨਕ ਪ੍ਰੀਤ ਦੀ ਜ਼ੋਰ ਜ਼ੋਰ ਖੰਘਣ ਦੀ ਅਵਾਜ਼ ਆਈ ਤਾਂ ਰੋਟੀ ਛੱਡ ਕੇ ਅੰਦਰ ਆ ਗਈ, ਦੇਖਿਆ ਤਾਂ ਬਲਜੀਤ ਘਬਰਾ ਗਈ ਕਿਉਂ ਕਿ ਪ੍ਰੀਤ ਉਲਟੀਆਂ ਕਰ ਰਹੀ ਸੀ ਤੇ ਉਸਦੇ ਮੂੰਹ ਵਿਚੋਂ ਦਵਾਈ ਦੀ ਗੰਧ ਆ ਰਹੀ ਸੀ। ਉਸਨੇ ਪ੍ਰੀਤ ਦੀ ਮਾਸੀ ਨੂੰ ਬੁਲਾ ਲਿਆ ਤੇ ਪ੍ਰੀਤ ਬਾਰੇ ਦੱਸਿਆ। ਮਾਸੀ ਨੇ ਦੇਖਿਆ ਕਿ ਇਸਨੇ ਦਵਾਈ ਪੀ ਲਈ ਹੈ। ਬਲਜੀਤ ਨੇ ਰੋਂਦਿਆਂ ਗੋਰੇ ਨੂੰ ਅਵਾਜ਼ ਮਾਰੀ ਤੇ ਜਲਦੀ ਡਾਕਟਰ ਨੂੰ ਬੁਲਾਉਣ ਲਈ ਕਿਹਾ ਉਹ ਭੱਜਿਆ ਗਿਆ ਤੇ ਡਾਕਟਰ ਨੂੰ ਲੈ ਆਇਆ ਉਸਨੂੰ ਦਵਾਈ ਦਿੱਤੀ ਤੇ ਕਿਹਾ ਕਿ ਇਸਨੂੰ ਹਸਪਤਾਲ ਲੈ ਜਾਓ, ਉਸਦੀ ਹਾਲਤ ਗੰਭੀਰ ਹੈ ਗੋਰੇ ਨੇ ਫ਼ੋਨ ਕਰਕੇ ਗੱਡੀ ਮੰਗਵਾ ਲਈ। ਉਸਦੀ ਹਾਲ਼ਤ ਖ਼ਰਾਬ ਸੀ ਉਹ ਪ੍ਰੀਤ ਨੂੰ ਨੇੜੇ ਦੇ ਸ਼ਹਿਰ ਵਿਚ ਲੈ ਗਏ ਤੇ ਉਸਦਾ ਇਲਾਜ ਕਰਵਾਇਆ ਪਰ ਬਲਜੀਤ ਨੇ ਪ੍ਰੀਤ ਦੇ ਪਾਪੇ ਨੂੰ ਕੋਈ ਗੱਲ਼ ਨਾ ਦੱਸੀ। ਉਨ੍ਹਾਂ ਉਸਨੂੰ ਤੇਜ਼ ਬੁਖ਼ਾਰ ਹੋਣ ਕਰਕੇ ਗ਼ਸ਼ ਪੈਣ ਦਾ ਬਹਾਨਾ ਲਾ ਦਿੱਤਾ। ਪ੍ਰੀਤ ਦਾ ਪਾਪਾ ਉਸਨੂੰ ਬਹੁਤ ਪਿਆਰ ਕਰਦਾ ਸੀ। ਭਾਵੇਂ ਪ੍ਰੀਤ ਨੇ ਉਸਦਾ ਵਿਸ਼ਵਾਸ਼ ਤੋੜ ਦਿੱਤਾ ਸੀ ਪਰ ਇਕ ਪਿਓ ਹੋਣ ਕਰਕੇ ਉਸਨੇ ਕੁੜੀ ਦਾ ਮੋਹ ਨਾ ਤੋੜਿਆ.. ਭਾਵੇਂ ਔਲਾਦ ਲੱਖ ਗਲ਼ਤੀਆਂ ਕਰੇ ਪਰ ਮਾਪੇ ਕਦੇ ਵੀ ਉਹਨਾਂ ਦਾ ਬੁਰਾ ਨਹੀ ਸੋਚਦੇ, ਉਹ ਪ੍ਰਮਾਤਮਾ ਅੱਗੇ ਉਸਦੀ ਸਲਾਮਤੀ ਦੀ ਦੂਆ ਮੰਗਦਾ ਹੋਇਆ ਆਪਣੇ ਆਪ ਨੂੰ ਕੋਸ ਰਿਹਾ ਸੀ ਕਿ ਉਸਦੇ ਪਿਆਰ ਵਿੱਚ ਕੀ ਕਮੀ ਸੀ ਕਿ ਪ੍ਰੀਤ ਨੇ ਸਾਡੀ ਪਰਵਾਹ ਕਰਨੀ ਛੱਡ ਦਿੱਤੀ ਸਾਰੇ ਦੁੱਖੀ ਸਨ ਪਰ ਸਰਵ ਨੂੰ ਕੋਈ ਗੱਲ਼ ਦਾ ਪਤਾ ਨਹੀਂ ਸੀ ਉਸਨੂੰ ਡਰ ਸੀ ਕਿ ਪ੍ਰੀਤ ਕੁਝ ਕਰ ਨਾ ਲਵੇ ਦਿਨ ਢਲਦਿਆਂ ਉਹ ਉਸਦੇ ਘਰ ਅੱਗੋਂ ਲੰਘਿਆ ਤਾਂ ਉਸਨੇ ਦੇਖਿਆ ਕਿ ਪ੍ਰੀਤ ਦੇ ਘਰ ਦਾ ਬੂਹਾ ਬੰਦ ਸੀ ਤੇ ਬੱਤੀ ਵੀ ਬੰਦ ਸੀ ਵੇਖਦਾ ਵੇਖਦਾ ਦੁਕਾਨ ਵੱਲ਼ ਆ ਗਿਆ ਅੱਗੇ ਦੇਖਿਆ ਤਾਂ ਪ੍ਰੀਤ ਦਾ ਪਾਪਾ ਦੁਕਾਨ ਕੋਲ਼ ਬੈਠਾ ਸਰਵ ਨੂੰ ਘੂਰ ਰਿਹਾ ਸੀ ਉਸਨੇ ਸ਼ਰਾਬ ਪੀਤੀ ਹੋਈ ਸੀ ਜਿਸ ਨੂੰ ਦੇਖ ਉਹ ਅਗਾਂਹ ਆਪਣੇ ਘਰ ਵੱਲ਼ ਚਲਾ ਗਿਆ ਤੇ ਪ੍ਰੀਤ ਬਾਰੇ ਸੋਚਣ ਲੱਗਾ, ਰਾਤ ਬੀਤ ਗਈ ਉਸਨੂੰ ਨੀਂਦ ਨਾ ਆਈ।

ਸਵੇਰ ਹੋਈ ਸੱਬੋ ਨੇ ਫ਼ੋਨ ਕੀਤਾ ਉਸਨੇ ਫੋਨ ਚੁੱਕਿਆ ਤੇ ਸੱਬੋ ਨੇ ਦਸਿਆ ਕਿ ਤੇਰੀ ਪ੍ਰੀਤ ਨੇ ਕੱਲ੍ਹ ਸਪਰੇ ਪੀ ਲਈ ਸੀ ਤਾਂ ਸਰਵ ਦੀ ਜਾਨ ਨਿਕਲ ਗਈ ਉਸਨੇ ਫ਼ੋਨ ਕੱਟਿਆ ਤੇ ਦੁਕਾਨ ਤੇ ਚਲਾ ਗਿਆ ਕਿਸੇ ਦਾ ਮੋਟਰ ਸਾਇਕਲ ਮੰਗਿਆ ਤੇ ਉਪਰੋਂ ਮੀਂਹ ਵੀ ਪੈ ਰਿਹਾ ਸੀ ਸਰਵ ਨੇ ਕੋਈ ਪ੍ਰਵਾਹ ਨਾ ਕਰਦੇ ਹੋਏ ਨੇੜਲੇ ਸ਼ਹਿਰ ਜੋ ਉਸ ਪਿੰਡ ਤੋਂ 14 ਕਿਲੋਮੀਟਰ ਦੂਰ ਸੀ ਉਸ ਹਸਪਤਾਲ ਚਲਾ ਗਿਆ ਉਸਦੇ ਦਿਲ ਵਿੱਚ ਡਰ ਨਹੀਂ ਸੀ ਜੇਕਰ

ਕੋਈ ਪ੍ਰੀਤ ਕੋਲ ਹੋਇਆ ਤਾਂ ਉਹ ਉਸਤੋਂ ਜ਼ਰੂਰ ਮਾਫ਼ੀ ਮੰਗੇਗਾ ਪਰ ਉੱਥੇ ਕੋਈ ਨਹੀਂ ਸੀ ਉਸਨੇ ਨਿਰਾਸ਼ ਹੋ ਡਾਕਟਰਾਂ ਨਾਲ਼ ਗੱਲ ਕੀਤੀ ਕਿ ਕੋਈ ਪ੍ਰੀਤ ਨਾਂ ਦੀ ਕੁੜੀ ਇਥੇ ਦਾਖ਼ਿਲ ਹੈ ਪਰ ਸਭ ਨੇ ਨਾਂਹ ਵਿਚ ਜਵਾਬ ਦਿੱਤਾ, ਉਸਦੀਆਂ ਅੱਖਾਂ ਵਿਚ ਪਾਣੀ ਆ ਗਿਆ। ਉਹ ਬਹੁਤ ਦੁੱਖੀ ਸੀ ਕੋਈ ਰਾਹ ਨਹੀਂ ਲੱਭ ਰਿਹਾ ਸੀ ਉਸ ਨੇ ਫ਼ੋਨ ਚੁੱਕਿਆ ਤੇ ਅਪਣੇ ਸਭ ਤੋਂ ਜ਼ਿਆਦਾ ਕਰੀਬੀ ਦੋਸਤ ਨੂੰ ਫ਼ੋਨ ਕੀਤਾ ਤੇ ਕਹਿਣ ਲੱਗਾ ਕਿ ਯਾਰ ਪ੍ਰੀਤ ਨੇ ਦਵਾਈ ਪੀ ਲਈ , ਸੋਚ ਵੀ ਬਹੁਤ ਘਬਰਾ ਗਿਆ ਉਸਨੇ ਸਰਵ ਨੂੰ ਹੌਂਸਲਾ ਦਿੱਤਾ ਕਿ ਮੈਂ ਪਤਾ ਕਰਦਾ ਹਾਂ ਸੋਚ ਦਾ ਜੀਜਾ ਸ਼ਹਿਰ ਵਿੱਚ ਡਾਕਟਰ ਸੀ, ਉਸਨੇ ਆਪਣੇ ਜੀਜੇ ਨਾਲ਼ ਗੱਲ਼ ਕੀਤੀ ਤੇ ਸਭ ਦੱਸਿਆ ਤਾਂ ਜੀਜੇ ਨੇ ਕਿਹਾ ਕਿ ਮੈਨੂੰ ਸਰਵ ਦਾ ਨੰਬਰ ਦੇ ਜਾਂ ਮੇਰਾ ਨੰਬਰ ਸਰਵ ਨੂੰ ਦੇ ਦੇਵੀਂ। ਤਾਂ ਸੋਚ ਨੇ ਸਰਵ ਨੂੰ ਦੁਬਾਰਾ ਫ਼ੋਨ ਕੀਤਾ ਤੇ ਜੀਜੇ ਦਾ ਨੰਬਰ ਦੇ ਦਿੱਤਾ ਤੇ ਸਰਵ ਨੇ ਉਸਦੇ ਜੀਜੇ ਨਾਲ ਗੱਲ਼ ਕੀਤੀ ਸਰਵ ਉਸ ਕੋਲ ਹਸਪਤਾਲ ਚਲਾ ਗਿਆ। ਉਸਨੇ ਸਾਰੇ ਹਸਪਤਾਲਾਂ ਦੇ ਡਾਕਟਰਾਂ ਨਾਲ ਗੱਲ਼ ਕੀਤੀ ਪਰ ਕਿਸੇ ਪਾਸੋਂ ਕੋਈ ਪਤਾ ਨਾ ਚਲਿਆ ਉਹ ਨਿਰਾਸ਼ ਹੋ ਕੇ ਆਪਣੇ ਘਰ ਆ ਗਿਆ.. ਖ਼ਿਆਲਾਂ ਵਿੱਚ ਡੁੱਬਿਆ ਕਹਿ ਰਿਹਾ ਹੈ—

**" ਜੋ ਕਮੀਆਂ ਨੇ ਮੇਰੇ ਅੰਦਰ**
**ਮੈਂ ਕਿਵੇਂ ਇਨ੍ਹਾਂ ਨੂੰ ਦੂਰ ਕਰਾਂ**
**ਮੈਂ ਸਪਨੇ ਕਿਵੇਂ ਵਿਸਾਰ ਦਿਆਂ।**
**ਇੰਜ ਸਜਣਾ ਨੂੰ ਮਜ਼ਬੂਰ ਕਰਾਂ।**
**ਉਹ ਮਿਟ ਜਾਂਦੇ ਮੈਂ ਮਿਟ ਜਾਂਦਾ।**
**ਬਿਨ੍ਹਾਂ ਸਜਣਾ ਵੀ ਕੀ ਜੀਣਾ ਏ।**
**ਬ੍ਰਿਹਾ ਦੀ ਭੱਠੀ ਸਜਣਾ ਨ,**
**ਬਸ ਰੱਤ ਦੇ ਅੱਥਰੂ ਪੀਣਾ ਏ।**
**' ਰਿਹਾਨ ' ਸਹਾਰਾ ਜਿੰਦਗੀ ਦਾ,**
**ਉਹ ਜਿੰਦਗੀ ਦੇ ਹਮਰਾਜ਼ ਰਹੇ।**
**ਮੈਂ ਮਿੱਟ ਜਾਵਾਂ ਮੈਨੂੰ ਗ਼ਮ ਨਾਹੀ,**
**ਮੇਰੀ ਪ੍ਰੀਤ ਸਦਾ ਆਬਾਦ ਰਹੇ।**

ਉਹ ਆਪਣੇ ਕਮਰੇ ਵਿਚ ਪਿਆ ਸਾਰਾ ਕਸੂਰ ਆਪੇ ਆਪ ਵਿਚ ਕੱਢ ਰਿਹਾ ਸੀ ਉਸਨੂੰ ਇੰਝ ਲੱਗ ਰਿਹਾ ਸੀ ਕਿ ਜਿਵੇਂ ਕੋਈ ਪਹਾੜ ਉਸ ਦੇ ਸੀਨੇ ਤੇ ਰੱਖਿਆ ਹੋਵੇ.. ਸਰਵ ਨੇ ਆਪਣੀ ਛਾਤੀ ਤੇ ਜ਼ੋਰ ਜ਼ੋਰ ਨਾਲ ਮੁੱਕੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਤੇ ਉੱਚੀ ਉੱਚੀ ਕੁਰਲਾਉਣ ਲੱਗਾ

" ਮੈਂ ਐਨਾ ਬੇਦਰਦ ਕਿਉਂ ਹਾਂ ਮੇਰੀ ਜ਼ੁਬਾਨ ਵਿਚੋਂ ਪ੍ਰੀਤ ਨੂੰ ਇਹ ਸ਼ਬਦ ਕਿਉਂ ਨਿਕਲੇ ਕਿ ਜਾਹ ਪ੍ਰੀਤ ਮਰ ਜਾ।", ਉਹ ਕਦੇ ਬਾਹਰ ਚਲਾ ਜਾਂਦਾ ਕਦੇ ਅੰਦਰ ਬੈਠ ਜਾਂਦਾ, ਉਹ ਪਾਗ਼ਲ ਜਿਹਾ ਹੋ ਗਿਆ ਸੀ ਜਿਵੇਂ ਉਸਦਾ ਸਭ ਕੁਝ ਇਸ ਦੁਨੀਆਂ ਤੋਂ ਚਲਾ ਗਿਆ ਹੋਵੇ ਉਸਦੇ ਦਿਮਾਗ਼ ਵਿਚ ਅਜੀਬ ਅਜੀਬ ਸਵਾਂਲ ਉਠਦੇ ਉਸਨੂੰ ਲਾਹਨਤਾਂ ਪਾਉਂਦੇ ਕਿ ਤੇਰੀ ਵਜ੍ਹਾ ਨਾਲ ਉਹ ਅੱਜ ਕਿਸ ਹਾਲਤ ਵਿਚ ਏ। ਪਤਾ ਨਹੀ ਮੇਰੀ ਜਾਨ ਦਾ ਕੀ ਹਾਲ ਹੋਣਾ । ਪਤਾ ਨਹੀ ਉਹ ਕਿਥੇ ਹੈ। ਸਰਵ ਪਾਸੋਂ ਉਸ ਦਾ ਦਿਲ ਪਿਆਰ ਦਾ ਹਿਸਾਬ ਮੰਗ ਰਹੀ ਸੀ। ਕਿ ਤੇਰਾ ਪਿਆਰ ਕਿਥੇ ਏ। ਸਰਵ ਲਈ ਇਹ ਘੜੀ ਮੌਤ ਦੇ ਬਰਾਬਰ ਸੀ। ਸ਼ਾਮ ਦਾ ਸਮਾਂ ਸੀ ਉਸਨੇ ਮੋਟਰਸਾਇਕਲ ਚੁੱਕਿਆ ਤੇ ਪ੍ਰੀਤ ਦੀ ਭਾਲ ਵਿਚ ਦੂਸਰੇ ਸ਼ਹਿਰ ਚਲਾ ਗਿਆ। ਉਥੇ ਵੀ ਸਾਰੇ ਹਸਪਤਾਲਾਂ ਵਿਚ ਪਤਾ ਕੀਤਾ ਪਰ ਹਰ ਵਾਰ ਦੀ ਤਰ੍ਹਾਂ ਉਸਨੂੰ ਨਮੋਸ਼ੀ ਹੀ ਮਿਲੀ। ਉਹ ਵਾਪਿਸ ਆ ਗਿਆ। ਰਸਤੇ ਵਿਚ ਠੇਕੇ ਤੋਂ ਗੁਲਾਬ ਦੀ ਬੋਤਲ ਲੈ ਖੇਤ ਵੱਲ਼ ਚੱਲ ਪਿਆ ਦੁੱਖੀ ਮਨ ਨਾਲ ਉਸਨੇ ਮੋਟਰਸਾਇਕਲ ਨੂੰ ਐਵੇਂ ਹੀ ਸੁੱਟ ਦਿਤਾ ਤੇ ਮੰਜੀ ਤੇ ਜਾ ਬੈਠ ਸਾਰੀ ਰਾਤ ਸ਼ਰਾਬ ਪੀਂਦਾ ਰਿਹਾ ਸਵੇਰ ਹੋਈ ਤਾਂ ਉਹ ਪ੍ਰੀਤ ਦੇ ਘਰ ਵੱਲ ਗਿਆ ਪਰ ਕੋਈ ਨਜ਼ਰ ਨਾ ਆਇਆ ਸਰਵ ਨੂੰ ਉਸਦਾ ਸੂਰਜ ਡੁੱਬਦਾ ਜਾਪਣ ਲੱਗਾ ਸੀ ਕਦੇ ਉਹ ਮਰਨ ਵਾਰੇ ਸੋਚਦਾ ਪਰ ਉਸਦੇ ਕਦਮ ਰੁੱਕ ਜਾਂਦੇ ਪ੍ਰੀਤ ਨੂੰ ਵੇਖੇ ਬਿਨ੍ਹਾ ਉਸਨੂੰ ਮਰਨਾ ਵੀ ਸਵੀਕਾਰ ਨਹੀ ਸੀ ਉਸ ਨੇ ਫਿਰ ਪ੍ਰੀਤ ਦੀ ਸਹੇਲੀ ਨੂੰ ਫ਼ੋਨ ਕੀਤਾ ..ਪਰ ਉਸਨੇ ਵੀ ਉਸ ਨਾਲ ਸਿੱਧੇ ਮੂੰਹ ਗੱਲ ਨਾ ਕੀਤੀ ਤੇ ਉਸਨੂੰ ਮਾੜਾ ਚੰਗਾ ਬੋਲਣ ਲੱਗੀ ਕਿ ਮੇਰੀ ਸਹੇਲੀ ਅੱਜ ਤੇਰੇ ਕਰਕੇ ਜਿੰਦਗੀ ਤੇ ਮੌਤ ਦੇ ਨਾਲ ਲੜ ਰਹੀ ਐ। ਤੂੰ ਹਾਲੇ ਮੇਰੇ ਕੋਲੋਂ ਪੁੱਛਦਾ ਏਂ ਕਿ ਉਹਨੂੰ ਕੀ ਹੋਇਆ ਤੈਂ ਇਕ ਵਾਰੀ ਨਾ ਸੋਚਿਆ ਕਿ ਉਹ ਤੈਨੂੰ ਕਿੰਨਾਂ ਪਿਆਰ ਕਰਦੀ ਐ ਉਹ ਤੇਰੀ ਹਰ ਗੱਲ ਮੰਨਦੀ ਸੀ ਪਰ ਤੈਂ ਉਸਨੂੰ ਮਰਨ ਲਈ ਕਹਿ ਦਿਤਾ। ਤੂੰ ਇਹ ਚੰਗਾ ਨਹੀ ਕੀਤਾ ਜੇ ਉਹਨੂੰ ਕੁਝ ਹੋ ਗਿਆ, ਅਸੀ ਤੈਨੂੰ ਕਦੇ ਮਾਫ਼ ਨਹੀਂ ਕਰਾਂਗੇ। ਸਰਵ ਬਿਲਕੁਲ ਚੁੱਪ ਸੀ ਸੱਚੀਆਂ ਗੱਲਾਂ ਸੁਣ ਕੇ ਉਸ ਦੀਆਂ ਅੱਖਾਂ 'ਚੋਂ ਹੰਝੂ ਬਹਿ ਤੁਰੇ। ਉਸਨੇ ਫ਼ੋਨ ਕੱਟ ਦਿੱਤਾ। ਉਸ ਦੇ ਦਿਲ ਨੂੰ ਹਾਲ਼ੇ ਵੀ ਚੈਨ ਨਹੀਂ ਸੀ। ਉਸਨੇ ਫਿਰ ਸੱਬੋ ਨੂੰ ਫ਼ੋਨ ਕੀਤਾ ਉਸਨੂੰ ਉਹ ਆਪਣੀ ਭੈਣ ਸਮਝਦਾ ਸੀ, ਤੇ ਉਸਤੋਂ ਰੱਖੜੀ ਬਨਾਉਂਦਾ ਸੀ। ਉਸਨੇ ਆਪਣੇ ਰਿਸ਼ਤੇ ਦਾ ਵਾਸਤਾ ਪਾਇਆ ਕਿ ਮੇਰੀ ਪ੍ਰੀਤ ਨਾਲ ਗੱਲ ਕਰਵਾ ਦੇ ਤਾਂ ਸੱਬੋ ਨੇ ਕਿਹਾ ਕਿ ਜਿਸ ਦਿਨ ਪ੍ਰੀਤ ਠੀਕ ਹੋ ਗਈ ਉਸ ਦਿਨ ਮੈਂ ਤੇਰੀ ਗੱਲ ਕਰਵਾ ਦੇਵਾਂਗੀ ਸੁਣ ਉਸਨੂੰ ਥੋੜਾ ਜਿਹਾ ਹੌਂਸਲਾ ਹੋਇਆ। ਕਈ ਦਿਨ ਬੀਤ ਗਏ ਪ੍ਰੀਤ ਆਪਣੇ ਘਰ ਆਈ ਉਹ ਠੀਕ ਸੀ ਸਰਵ ਨੇ ਉਸਨੂੰ ਦੇਖ

ਉਸ ਰੱਬ ਦਾ ਸ਼ੁਕਰ ਕੀਤਾ ਤੇ ਕਿ ਕਿਹਾ ਮੇਰੀ ਜਾਨ ਦੀ ਸਲਾਮਤੀ ਲਈ ਧੰਨਵਾਦ। ਉਸ ਨੇ ਸੱਬੋ ਨੂੰ ਫ਼ੋਨ ਕੀਤਾ ਕਿ ਮੇਰੀ ਪ੍ਰੀਤ ਨਾਲ ਗੱਲ ਕਰਵਾ ਦੇ ਉਹ ਉਸਦੇ ਕਹਿਣ ਤੇ ਪ੍ਰੀਤ ਦੇ ਘਰ ਗਈ ਤਾਂ ਅੱਗੇ ਬੂਹਾ ਬੰਦ ਸੀ, ਸੱਬੋ ਨੇ ਅਵਾਜ਼ ਮਾਰੀ ਪਰ ਕਿਸੀ ਨੇ ਬੂਹਾ ਨਾ ਖੋਲਿਆ। ਉਹ ਕਾਫ਼ੀ ਦੇਰ ਤੱਕ ਖੜੀ ਇੰਤਜ਼ਾਰ ਕਰਕੇ ਉਥੋਂ ਮੁੜਨ ਹੀ ਲੱਗੀ ਸੀ ਤਾਂ ਪ੍ਰੀਤ ਦੀ ਮੰਮੀ ਨੇ ਅਵਾਜ਼ ਮਾਰੀ ਕਿ ਕੌਣ ਹੈ ਤਾਂ ਸੱਬੋ ਨੇ ਅੱਗੋਂ ਆਪਣਾ ਹਵਾਲਾ ਦਿੱਤਾ ਤਾਂ ਉਸਨੇ ਬੂਹਾ ਖੋਲਿਆ ਤੇ ਉਹ ਪ੍ਰੀਤ ਕੋਲ ਚਲੀ ਗਈ ਪਹਿਲਾਂ ਤਾਂ ਪ੍ਰੀਤ ਦਾ ਹਾਲ ਚਾਲ ਪੁੱਛਿਆ ਅਤੇ ਫਿਰ ਗੱਲੀਂ ਬਾਤੀਂ ਸਰਵ ਦੇ ਫ਼ੋਨ ਬਾਰੇ ਦੱਸਿਆ ।ਪ੍ਰੀਤ ਨੇ ਉਸਨੂੰ ਸਾਫ਼ ਆਖ਼ ਦਿੱਤਾ ਕਿ ਮੈਂ ਉਸਨੂੰ ਹੁਣ ਕਦੇ ਵੀ ਫ਼ੋਨ ਨਹੀਂ ਕਰਾਂਗੀ। ਮੈਂ ਉਸ ਲਈ ਮਰ ਗਈ, ਮੈ ਸੋਚਾਂਗੀ ਕਿ ਸਰਵ ਨਾਂ ਦਾ ਕੋਈ ਵੀ ਮੁੰਡਾ ਮੇਰੀ ਜਿੰਦਗੀ 'ਚ ਆਇਆ ਹੀ ਨਹੀਂ। ਸੱਬੋ ਨੇ ਸਰਵ ਨੂੰ ਫ਼ੋਨ ਕਰਕੇ ਸਭ ਦੱਸ ਦਿੱਤਾ ਕਿ ਸਰਵ ਨੇ ਗੁੱਸੇ ਵਿਚ ਫ਼ੋਨ ਕੱਟਿਆ ਉਸਦਾ ਹੋਂਸਲਾ ਟੁੱਟ ਗਿਆ। ਉਸਦੀ ਦੁਨੀਆਂ ਹੀ ਪ੍ਰੀਤ ਨਾਲ ਸੀ। ਉਸਨੂੰ ਸਭ ਕੁਝ ਉੱਜੜ ਗਿਆ ਜਾਪਿਆ ਦਿਲ ਦਾ ਸ਼ੀਸ਼ਾ ਚਕਨਾਚੂਰ ਹੋ ਗਿਆ। ਉਹ ਉਠ ਠੇਕੇ ਵੱਲ ਤੁੱਰ ਗਿਆ ਤੇ ਬੋਤਲ ਲੈ ਖੇਤ ਚਲਾ ਗਿਆ ਸ਼ਰਾਬ ਪੀਤੀ ਨਸ਼ੇ ਵਿਚ ਹੋ ਗਿਆ ਤੇ ਮੋਬਾਇਲ ਵਿਚ ਪ੍ਰੀਤ ਦੀ ਫੋਟੋ ਵੱਲ ਵੇਖਣ ਲੱਗਾ ਤੇ ਗੱਲਾਂ ਕਰਨ ਲੱਗਾ ਕਿ ਪ੍ਰੀਤ ਤੂੰ ਐਨੀ ਬਦਲ ਜਾਵੇਗੀ ਮੈਂ ਕਦੇ ਸੋਚਿਆ ਵੀ ਨਹੀਂ ਤੇ ਉਧਰ ਪ੍ਰੀਤ ਵੀ ਬੈਠੀ ਇਹ ਹੀ ਗੱਲ ਸੋਚ ਰਹੀ ਸੀ, ਕਿ ਤੂੰ ਮੈਨੂੰ ਮਰਨ ਲਈ ਕਹੇਂਗਾ, ਕਦੇ ਸੋਚਿਆ ਵੀ ਨਹੀਂ ਸੀ। ਉਹ ਦੋਵੇਂ ਇਕ ਦੂਜੇ ਨੂੰ ਯਾਦ ਕਰ ਕਰਕੇ ਰੋ ਰਹੇ ਸਨ ਤੇ ਉਸਨੂੰ ਉਥੇ ਬੈਠੇ ਨੂੰ ਰਾਤ ਦੇ ੧੨ ਵੱਜ ਗਏ। ਮੌਸਮ ਵੀ ਖਰਾਬ ਸੀ ਬਹੁਤ ਧੁੰਦ ਪੈ ਰਹੀ ਸੀ ਉਹ ਇਕ ਦਮ ਖੜਾ ਹੋਇਆ ਤੇ ਕੋਠੇ ਵਿਚ ਚਲਾ ਗਿਆ, ਇਧਰ ਉਧਰ ਹੱਥ ਮਾਰਨੇ ਸ਼ੁਰੂ ਕਰ ਦਿਤੇ ਇਕ ਪਾਸੇ ਪਈ ਸਪਰੇ ਦੀ ਸ਼ੀਸ਼ੀ ਚੁੱਕੀ ਤੇ ਬੇਪਰਵਾਹ ਹੋ ਕਿ ਪੀ ਗਿਆ ਪਰ ਉਸਨੂੰ ਨਾਲ ਦੀ ਨਾਲ ਉਲਟੀ ਆ ਗਈ ਤੇ ਉਸਦਾ ਸਾਰਾ ਮੂੰਹ ਅੰਦਰੋਂ ਫੱਟ ਗਿਆ ਤੇ ਮੂੰਹ ਕੌੜਾ ਹੋ ਗਿਆ। ਉਸਦੇ ਮੂੰਹ ਵਿਚੋ ਲਹੂ ਵਹਿਣ ਲੱਗ ਪਿਆ ਮੂੰਹ ਵਿਚ ਛਾਲੇ ਹੋ ਗਏ ਸਨ। ਉਹਨੂੰ ਸਮਝ ਨਹੀਂ ਆ ਰਹੀ ਸੀ ਉਸਨੇ ਖੇਤ ਵਿਚੋਂ ਮੂਲ਼ੀ ਪੱਟੀ ਤੇ ਖਾਣ ਲੱਗਾ, ਉਸਨੂੰ ਫੇਰ ਉਲਟੀ ਆ ਗਈ। ਉਸ ਦੇ ਮੂੰਹ ਵਿਚੋਂ ਬਦਬੂ ਆ ਰਹੀ ਸੀ। ਸਪਰੇ ਵਾਲ਼ੀ ਸ਼ੀਸ਼ੀ ਚੱਕ ਉਹ ਘਰ ਵੱਲ਼ ਦੌੜ ਪਿਆ। ਘਰ ਪੁੱਜਾ ਤਾਂ ਦਰਵਾਜ਼ਾ ਬੰਦ ਦੇਖ ਕਹਿਣ ਲੱਗਾ ਮੇਰੇ ਘਰ ਦੇ ਵੀ ਮੇਰੀ ਪਰਵਾਹ ਨੀ ਕਰਦੇ ਉਸਨੂੰ ਲਗਦਾ ਸੀ ਕਿ ਉਸਦੇ ਸਾਰੇ ਰਿਸ਼ਤੇਦਾਰ ਕਿਨਾਰਾ ਕਰ ਗਏ ਨੇ। ਉਹ ਆਪਣੇ ਆਪ ਨੂੰ ਇਕੱਲਾ ਮਹਿਸੂਸ

ਕਰਨ ਲੱਗਾ ਸੀ ਉਧਰ ਉਸ ਦੇ ਘਰਦੇ ਉਸਨੂੰ ਲੱਭਦੇ ਲੱਭਦੇ ਥੱਕ ਗਏ ਸਨ ਉਹਨਾਂ ਸੋਚਿਆ ਉਹ ਕਿਸੇ ਦੋਸਤ ਦੇ ਘਰ ਹੋਣਾ ਏ ਅੱਗੋਂ ਉਸਦਾ ਫੋਨ ਵੀ ਬੰਦ ਸੀ ਉਹ ਕਰ ਵੀ ਕੀ ਸਕਦੇ ਸਨ। ਉਸਨੇ ਗੁੱਸੇ ਵਿਚ ਆ ਕੇ ਇੱਕ ਘੁੱਟ ਹੋਰ ਪੀ ਕੇ ਆਪਣੇ ਘਰ ਦੀ ਕੰਧ ਟੱਪ ਅੰਦਰ ਜਾ ਕਮਰੇ 'ਚ ਮੰਜੇ ਤੇ ਪੈ ਗਿਆ। ਉਹ ਉਲਟੀਆਂ ਕਰ ਰਿਹਾ ਸੀ ਉਸਦੀ ਮਾਂ ਨੂੰ ਜਾਗ ਆਈ ਉਹ ਉਸਦੇ ਕਮਰੇ ਵੱਲ ਗਈ ਅੱਗੋਂ ਉਸਦੇ ਕਮਰੇ ਵਿਚੋ ਦਵਾਈ ਦੀ ਮੁਸ਼ਕ ਆ ਰਹੀ ਸੀ। ਉਸਨੂੰ ਉਲਟੀਆ ਕਰਦਿਆਂ ਦੇਖ ਮਾਂ ਨੇ ਗਲ਼ ਨਾਲ ਲਾ ਲਿਆ ਉਹ ਉਸਦੇ ਗਲ਼ ਲੱਗ ਰੋਣ ਲੱਗ ਪਿਆ ਉਸਦੀ ਮਾਂ ਨੇ ਉਸ ਦੇ ਪਾਪਾ ਨੂੰ ਜਗਾਇਆ ਤੇ ਘਰਦਿਆਂ ਨੂੰ ਵੀ ਅਵਾਜ਼ਾਂ ਮਾਰੀਆਂ। ਉਸ ਦੀ ਹਾਲਤ ਦੇਖ ਸਾਰਾ ਪਰਿਵਾਰ ਦੁੱਖੀ ਸੀ। ਅਮਨ ਤੇ ਗੁਰਦਾਸ ਦੋਵੇਂ ਉਸਦੇ ਭਰਾ ਡਾਕਟਰ ਨੂੰ ਲੈਣ ਲਈ ਭੱਜੇ।

ਕਾਫ਼ੀ ਦੇਰ ਤੱਕ ਡਾਕਟਰ ਨਹੀਂ ਆਇਆ। ਉਸਦਾ ਇਕ ਚਾਚਾ ਵੀ ਡਾਕਟਰ ਸੀ ਉਹਨਾਂ ਉਸਨੂੰ ਬੁਲਾਇਆ ਤਾਂ ਉਸਨੇ ਸਰਵ ਦੀਆਂ ਅੱਖਾਂ ਵਿੱਚ ਬੈਟਰੀ ਮਾਰ ਕੇ ਦੇਖਿਆ ਤਾਂ ਦੱਸਿਆ ਕਿ ਇਸਨੂੰ ਦਵਾਈ ਦਾ ਅਸਰ ਘੱਟ ਹੈ ਇਸ ਦੀ ਦਵਾਈ ਸਾਰੀ ਉਲਟੀਆਂ ਰਾਹੀਂ ਨਿਕਲ ਚੁੱਕੀ ਹੈ ਕੋਈ ਘਬਰਾਉਣ ਵਾਲੀ ਗੱਲ ਨਹੀ, ਉਸਨੂੰ ਦਵਾਈ ਦਿਤੀ ਤੇ ਟੀਕਾ ਲਾ ਲੂਣ ਵਾਲਾ ਪਾਣੀ ਪਿਲਾਇਆ ਗਿਆ। ਸਰਵ ਦੀ ਹਾਲਤ ਕਾਫ਼ੀ ਠੀਕ ਹੋ ਗਈ ਸੀ ਸਾਰੀ ਰਾਤ ਉਸ ਦਾ ਸਾਰਾ ਪਰਿਵਾਰ ਉਸ ਕੋਲ ਬੈਠਾ ਉਸ ਬਾਰੇ ਹੀ ਗੱਲਾਂ ਕਰਦੇ ਰਹੇ, ਪਤਾ ਨਹੀਂ ਕਿਸ ਗੱਲੋਂ ਇਹ ਸਭ ਕਰ ਰਿਹਾ ਏ ਉਸ ਦੀ ਮਾਂ ਨੇ ਕਿਹਾ ਕਿ ਉਸਨੂੰ ਕਿਸੇ ਨੇ ਕੁਝ ਕਿਹਾ ਵੀ ਨਹੀਂ ਫਿਰ ਇਹ ਸੱਭ ਕਿਉ ਕਰ ਰਿਹਾ ਏ ..ਤੇ ਉਸਨੂੰ ਵੀ ਪੁੱਛ ਰਹੀ ਸੀ ਕਿ ਤੂੰ ਦਵਾਈ ਕਿਉ ਪੀਤੀ। ਸਵੇਰ ਹੋ ਗਈ 6 ਵੱਜ ਚੁੱਕੇ ਸਨ। ਪਰ ਸਰਵ ਦੀ ਹਾਲਤ ਗੰਭੀਰ ਸੀ। ਸਵੇਰੇ ਉਸਨੂੰ ਹੋਰ ਦਵਾਈ ਦਿਤੀ ਉਹ ਹੋਲੀ ਹੋਲੀ ਠੀਕ ਹੋ ਗਿਆ। ਉਹ ਇਕ ਹਫ਼ਤਾ ਦੁਕਾਨ ਤੇ ਨਾ ਜਾ ਸਕਿਆ ਕਿਉਂਕਿ ਉਸ ਦਾ ਸਰੀਰ ਐਨਾ ਕਮਜ਼ੋਰ ਹੋ ਗਿਆ ਸੀ ਉਹ ਚੱਲ ਵੀ ਨਹੀਂ ਸਕਦਾ ਸੀ। ਪ੍ਰੀਤ ਨੂੰ ਵੀ ਇਸ ਗੱਲ ਦੀ ਭਿੱਣਕ ਪੈ ਗਈ ਸੀ ਕਿ ਉਹ ਦੁਕਾਨ ਤੇ ਕਿਉਂ ਨਹੀਂ ਆਇਆ। ਭਾਵੇਂ ਪ੍ਰੀਤ ਨੇ ਗੁੱਸੇ ਵਿਚ ਉਸਨੂੰ ਬਹੁਤ ਕੁਝ ਕਹਿ ਦਿਤਾ ਸੀ ਪਰ ਅਜੇ ਵੀ ਉਹ ਉਸਨੂੰ ਪਿਆਰ ਕਰਦੀ ਸੀ ਉਸਨੇ ਸੱਬੋ ਨੂੰ ਉਸਦੇ ਚੇਲੇ ਬਚੀ ਨੂੰ ਫ਼ੋਨ ਕਰਨ ਨੂੰ ਕਿਹਾ ਕਿਉਂਕਿ ਉਸਦਾ ਨੰਬਰ ਬੰਦ ਸੀ ਤੇ ਉਸਨੇ ਬਚੀ ਤੋਂ ਪੁਛਿਆ ਕਿ ਉਹ ਕਿਥੇ ਹੈ ਕਈ ਦਿਨ ਹੋ ਗਏ ਨੇ ਉਹ ਨਜ਼ਰ ਨਹੀ ਆ ਰਿਹਾ ਤਾਂ ਉਸਨੇ ਅੱਗੋਂ ਦੱਸਿਆ ਕਿ ਉਸਨੇ ਦਵਾਈ ਪੀ ਲਈ ਸੀ ਤੇ ਉਹ ਇਕ ਹਫਤੇ

ਤੋਂ ਆਪਣੇ ਘਰ ਹੀ ਹੈ। ਇਹ ਗੱਲ ਸੁਣ ਪ੍ਰੀਤ ਘਬਰਾ ਗਈ ਤੇ ਉਸਦੇ ਮਨ ਵਿਚ ਖ਼ਿਆਲ ਆਇਆ ਕਿ ਮੈਨੂੰ ਉਸ ਨਾਲ ਇਕ ਵਾਰ ਗੱਲ ਕਰ ਲੈਣੀ ਚਾਹੀਦੀ ਏ ਪਰ ਉਹ ਫੇਰ ਪਿੱਛੇ ਹਟ ਗਈ ਉਹ ਆਪਣੇ ਆਪ ਨੂੰ ਕਹਿਣ ਲੱਗੀ ਮੇਰਾ ਉਸ ਨਾਲ ਕੋਈ ਰਿਸ਼ਤਾ ਨਹੀਂ, ਮੈਂ ਉਸਨੂੰ ਫ਼ੋਨ ਕਿਉਂ ਕਰਾਂ, ਉਹ ਮੇਰਾ ਕੀ ਲਗਦਾ ਏ .. ਪ੍ਰੀਤ ਨੂੰ ਇੰਝ ਲਗਿਆ ਜਿਵੇਂ ਪਿਆਰ ਉਸਦੇ ਲਈ ਇਕ ਸਜ਼ਾ ਬਣ ਗਿਆ ਹੋਵੇ। ਪਿਆਰ ਦੀਆਂ ਰਾਹਾਂ ਤੇ ਪ੍ਰੀਤ ਨੂੰ ਮੰਜਿਲ ਕਿਧਰੇ ਨਜ਼ਰ ਨਹੀ ਆ ਰਹੀ ਸੀ। ਹਰ ਪਾਸੇ ਹਨੇਰਾ ਹੀ ਹਨੇਰਾ ਸੀ, ਸਰਵ ਦੇ ਪਿਆਰ ਦੀ ਥੋੜੀ ਜਿਹੀ ਕਿਰਨ ਹਾਲੇ ਵੀ ਉਸਦੇ ਦਿਲ ਨੂੰ ਛੂਹ ਰਹੀ ਸੀ। ਭਾਵੇਂ ਉਹ ਉਸ ਲਈ ਉਸਦਾ ਗੁੱਜਰਿਆ ਹੋਇਆ ਕੱਲ੍ਹ ਸੀ, ਫਿਰ ਵੀ ਉਹ ਉਸ ਬਾਰੇ ਸੋਚਣਾ ਵੀ ਨਹੀਂ ਚਾਹੁੰਦੀ ਸੀ--

**"ਰੱਬਾ ਦੱਸ ਕੀ ਕਰੀਏ ਹੁਣ**
**ਵਿਗੜੇ ਹੋਏ ਹਾਲਤਾਂ ਨੂੰ ਵੇਖ ਕੇ**
**ਜ਼ਿੰਦਗੀ ਤਾਂ ਨੀ ਗੁੱਜਰ ਜਾਣੀ**
**ਇੰਤਜਾਰ ਦੀ ਅੱਗ ਸੇਕ ਕੇ**
**ਜੇ ਚੁੱਪ ਹੋਵਾਂ ਮੇਰੇ ਸੁਪਨੇ ਮੈਨੂੰ ਖਾ ਜਾਣਗੇ**
**ਕਿੰਨਾ ਕੁ ਚਿਰ ਆਸਾਂ ਦੇ**
**ਮਹਿਲ ਬਣਾਉਣੇ ਅਸਾਂ ਨੇ ਰੇਤ ਦੇ**
**ਰਿਹਾਨ ਦੇ ਹਰ ਪਾਸੇ ਇਮਤਹਾਨ ਦੀ ਘੜੀ ਘੁੰਮਦੀ ਏ**
**ਕਿਹੜਾ ਕਦਮ ਚੁੱਕਾਂ ਕਿਹੜੇ ਸਾਂਹ ਨੂੰ ਵੇਚ ਕਿ ?"**

ਸਮਾਂ ਚਲਦਾ ਗਿਆ ਉਹ ਹੋਲੀ ਹੋਲੀ ਠੀਕ ਹੁੰਦਾ ਗਿਆ ਹੁਣ ਉਸਨੇ ਦੁਕਾਨ ਤੇ ਆਉਣਾ ਸ਼ੁਰੂ ਕਰ ਦਿਤਾ ਸੀ। ਉਸ ਨੇ ਦੁਕਾਨ ਤੇ ਆਉਂਦੇ ਹੀ ਸੱਬੋ ਨੂੰ ਫ਼ੋਨ ਕੀਤਾ ਪ੍ਰੀਤ ਬਾਰੇ ਪੁੱਛਿਆ ਤੇ ਕਿਹਾ ਮੈਂ ਉਸ ਨਾਲ ਗੱਲ ਕਰਨੀ ਏਂ, ਸੱਬੋ ਨੇ ਅੱਗੋਂ ਜਵਾਬ ਦਿੱਤਾ ਕਿ ਪ੍ਰੀਤ ਤੇਰੇ ਨਾਲ ਗੱਲ ਕਰਨਾ ਨਹੀਂ ਚਾਹੁੰਦੀ। ਇਹ ਸੁਣ ਉਸਦਾ ਖ਼ੂਨ ਉਬਾਲੇ ਮਾਰਨ ਲੱਗਾ। ਉਹ ਦੁਕਾਨ ਤੇ ਬੈਠਾ ਆਪਣੇ ਆਪ ਨੂੰ ਕੋਸ ਰਿਹਾ ਸੀ।

ਐਨੇ ਨੂੰ ਉਸਨੂੰ ਪ੍ਰੀਤ ਦੇ ਮੰਮੀ ਪਾਪਾ ਮੋਟਰ ਸਾਇਕਲ ਤੇ ਨਜ਼ਰ ਆਏ। ਉਹ ਕਿਤੇ ਗਏ ਸਨ ਤੇ ਉਸਨੇ ਪ੍ਰੀਤ ਦੇ ਘਰ ਵਾਲੇ ਫ਼ੋਨ ਤੇ ਫ਼ੋਨ ਕਰ ਦਿੱਤਾ। ਫ਼ੋਨ ਪ੍ਰੀਤ ਨੇ ਚੁੱਕਿਆ ਤੇ ਉਸਨੇ ਉਸ ਤੋਂ ਮਾਫ਼ੀ ਮੰਗੀ ਕਿਹਾ " ਆਪਣੇ ਹੀ ਕਿਸੇ ਨਾਲ ਰੁੱਸਦੇ ਨੇ ਕੁੱਝ ਕਹਿੰਦੇ ਨੇ ਮੈਂ ਕਿਹੜਾ ਤੇਰਾ ਬੇਗਾਨਾ ਹਾਂ ਯਾਰ ਮਾਫ਼ ਕਰਦੇ,"ਅੱਗੋਂ ਪ੍ਰੀਤ ਭੜਕ ਕੇ ਬੋਲੀ "ਕੌਣ ਪ੍ਰੀਤ ਤੇ ਕੌਣ ਸਰਵ" ਮੈਂ ਕਿਸੇ ਨੂੰ ਨਹੀਂ ਜਾਣਦੀ। ਮੇਰੇ ਲਈ ਸਰਵ ਮਰ ਚੁੱਕਾ ਹੈ ਜਿਹੜੀ ਸਰਵ ਦੀ

ਪ੍ਰੀਤ ਸੀ ਉਹ ਵੀ ਮਰ ਚੁੱਕੀ ਹੈ ਅੱਗੋਂ ਤੋਂ ਮੈਨੂੰ ਫ਼ੋਨ ਨਾ ਕਰੀਂ। .. ਪ੍ਰੀਤ ਨੇ ਫ਼ੋਨ ਕੱਟ ਦਿੱਤਾ ਸਰਵ ਦੇ ਦਿਲ ਨੂੰ ਸਕੂਨ ਨਾ ਮਿਲਿਆ ਉਹ ਉਸ ਦੇ ਘਰ ਚਲਾ ਗਿਆ ਉਹ ਪਿਛੇ ਦੀ ਕੰਧ ਟੱਪ ਘਰ ਵਿੱਚ ਦਾਖ਼ਲ ਹੋਇਆ ਪ੍ਰੀਤ ਤੇ ਸੱਬੋ ਹੀ ਘਰ 'ਚ ਸਨ।ਉਸਨੇ ਪ੍ਰੀਤ ਨੂੰ ਵੇਖਿਆ ਤੇ ਉਹਨੂੰ ਖੁਸ਼ੀ ਹੋਈ ਕਿਉਂਕਿ ਉਸਨੇ ਉਹਨੂੰ ਕਾਫ਼ੀ ਦੇਰ ਬਾਅਦ ਦੇਖਿਆ ਸੀ। ਪ੍ਰੀਤ ਨੇ ਉਸਨੂੰ ਬੁਰਾ ਭਲਾ ਕਹਿਣਾ ਸ਼ੁਰੂ ਕਰ ਦਿੱਤਾ, ਉਸਨੇ ਉਹਨੂੰ ਓਪਰਿਆਂ ਵਾਂਗ ਸਮਝਿਆ ਤੇ ਆਪਣੀ ਮਾਸੀ ਨੂੰ ਆਵਾਜ਼ ਮਾਰੀ ਤਾਂ ਸਰਵ ਨੇ ਕਿਹਾ ਕਿ ਤੂੰ ਆਪਣੀ ਮਾਸੀ ਨੂੰ ਬੁਲਾ ਲੈ ਮੈਨੂੰ ਕਿਸੇ ਦਾ ਡਰ ਨਹੀਂ ਸੱਬੋ ਨੇ ਉਸਨੂੰ ਆਪਣੇ ਰਿਸ਼ਤੇ ਦੇ ਵਾਸਤੇ ਪਾਏ ਤਾਂ ਉਹ ਉੱਥੋਂ ਜਾਣਾ ਮੰਨਿਆਂ। ਸਰਵ ਸੋਚ ਰਿਹਾ ਸੀ ਕਿ ਪ੍ਰੀਤ ਐਨੀ ਪੱਥਰ ਦਿਲ ਕਿਵੇਂ ਹੋ ਸਕਦੀ ਹੈ.. ਆਪਣੇ ਆਪ ਨਾਲ ਗੱਲਾਂ ਕਰਦਾ ਆਪਣੇ ਘਰ ਵੱਲ ਆ ਗਿਆ ਉਸਨੇ ਘਰ ਆ ਕੇ ਪ੍ਰੀਤ ਨੂੰ ਫਿਰ ਫ਼ੋਨ ਕੀਤਾ ਤੇ ਪ੍ਰੀਤ ਨੇ ਫ਼ੋਨ ਚੁੱਕ ਲਿਆ, ਉਸਨੇ ਪ੍ਰੀਤ ਦੀ ਕੋਈ ਗੱਲ ਨਾ ਸੁਣੀ ਤੇ ਆਪਣੀਆਂ ਗੱਲਾਂ ਕਹਿਣੀਆਂ ਸ਼ੁਰੂ ਕਰ ਦਿੱਤੀਆਂ, ਤੇ ਕਿਹਾ ਮੈਂ ਤੈਨੂੰ ਪਿਆਰ ਕਰਦਾ ਸੀ ਇਸ ਕਰਕੇ ਵਾਪਿਸ ਚਲਾ ਆਇਆ। ਤੂੰ ਮੈਨੂੰ ਛੱਡ ਸਕਦੀ ਏਂ, ਮੈਂ ਤੈਨੂੰ ਨਹੀਂ ਛੱਡ ਸਕਦਾ, ਪਰ ਜਹਾਨ ਜ਼ਰੂਰ ਛੱਡ ਸਕਦਾ ਹਾਂ। ਮੈਂ ਅੱਜ ਹੀ ਤੇਰੇ ਘਰ ਆ ਰਿਹਾ ਹਾਂ ਜੋ ਵੀ ਤੇਰਾ ਸਮਾਨ ਏ ਮੇਰੇ ਕੋਲ ਸਭ ਵਾਪਿਸ ਕਰ ਜਾਵਾਂਗਾ ਨਾਲੇ ਜਿਸ ਨੂੰ ਮਰਜ਼ੀ ਆਪਣੇ ਘਰ ਬੁਲਾ ਲੈ ਮੈਂ ਆ ਰਿਹਾ ਹਾਂ ਪ੍ਰੀਤ ਘਬਰਾ ਗਈ ਉਸ ਨੇ ਆਪਣੀ ਮਾਸੀ ਤੇ ਬੇਬੇ ਨੂੰ ਬੁਲਾ ਲਿਆ ਪਰ ਪ੍ਰੀਤ ਨੂੰ ਪਤਾ ਨਹੀਂ ਸੀ ਕਿ ਉਹ ਸੱਚੀ ਘਰ ਆ ਜਾਵੇਗਾ। ਉਸਨੇ ਕਿਸੇ ਦੀ ਪ੍ਰਵਾਹ ਨਾ ਕੀਤੀ ਤੇ ਉਹਨਾਂ ਦੇ ਘਰ ਚਲਾ ਗਿਆ ਉਸਦੇ ਘਰ ਮਾਸੀ, ਬੇਬੇ ਤੇ ਸੱਬੋ ਸਨ। ਸਾਰੇ ਵਰਾਂਡੇ ਵਿੱਚ ਖੜ੍ਹੇ ਸਨ ਉਸਨੂੰ ਘਰ ਵੱਲ ਆਉਂਦੇ ਵੇਖ ਪ੍ਰੀਤ ਘਬਰਾ ਗਈ ਉਸਦਾ ਰੰਗ ਲਾਲ ਹੋ ਗਿਆ। ਮੱਥੇ ਤੇ ਦੁੱਖਾਂ ਵਾਲੀ ਅਮਰ ਵੇਲ ਬਣ ਗਈ ਜਿਸਦੀ ਕੋਈ ਜੜ੍ਹ ਨਹੀਂ ਹੁੰਦੀ ਕਿ ਕਿੱਥੋਂ ਖਤਮ ਹੋਵੇ ਸਾਰਾ ਪਰਿਵਾਰ ਦੁੱਖੀ ਸੀ, ਉਹ ਅੰਦਰ ਆ ਗਿਆ ਉਸਦਾ ਪਿਆਰ ਜੋ ਕਿਤਾਬਾਂ ਵਿੱਚ ਸੀ ਪ੍ਰੀਤ ਵੱਲੋਂ ..ਉਹ ਸਭ ਕਾਪੀਆਂ ਉਸਨੇ ਪ੍ਰੀਤ ਦੇ ਪੈਰਾਂ ਵਿੱਚ ਮਾਰੀਆਂ ਤੇ ਪ੍ਰੀਤ ਦੀ ਬਾਂਹ ਫੜ ਲਈ ਤਾਂ ਉਹ ਰੋਣ ਲੱਗ ਪਈ, ਜੋਰ ਨਾਲ਼ ਬਾਂਹ ਛੁਡਾ ਕੇ ਓਹ ਮਾਸੀ ਦੇ ਉਹਲੇ ਹੋ ਗਈ ਉਸਦੀ ਮਾਸੀ ਨੇ ਸਰਵ ਦੀ ਬਾਂਹ ਫੜੀ ਤੇ ਪੇਟੀਆਂ ਵਾਲੇ ਕਮਰੇ 'ਚ ਲੈ ਗਈ ਕਿਹਾ ਸਰਵ ਰਹਿਣ ਦੇ ਕਿਉਂ ਸਾਡੀ ਇੱਜ਼ਤ ਰੋਲ ਰਿਹੈਂ। ਉਹ ਉਸਦੇ ਹਾੜੇ ਕੱਢਣ ਲੱਗੀ ਤਾਂ ਉਹ ਰੋਣ ਲੱਗ ਪਿਆ ਤੇ ਕਹਿਣ ਲੱਗਾ ਮੈਂ ਪ੍ਰੀਤ ਨੂੰ ਬਹੁਤ ਪਿਆਰ ਕਰਦਾ ਹਾਂ ਪਰ ਉਸ ਨੇ ਮੇਰੀ ਕਦਰ ਨਾ ਜਾਣੀ ਜੇ ਪ੍ਰੀਤ ਨੇ ਸਪਰੇ ਪੀਤੀ ਸੀ ਤਾਂ ਮੈਂ ਵੀ

ਪੀਤੀ ਸੀ। ਉਹ ਮੈਨੂੰ ਛੱਡਣ ਬਾਰੇ ਕਹਿ ਰਹੀ ਐ। ਹੁਣ ਤੂੰ ਦੱਸ ਮਾਸੀ ਮੈਂ ਕੀ ਕਰਾਂ।

ਮੈਂ ਪ੍ਰੀਤ ਬਿਨਾਂ ਨਹੀਂ ਰਹਿ ਸਕਦਾ ਤੇ ਉਸਦੀ ਮਾਸੀ ਨੇ ਕਿਹਾ ਕਿ ਤੂੰ ਪਿੰਡ ਦੀ ਕੁੜੀ ਨਾਲ ਵਿਆਹ ਕਰਵਾਏਂਗਾ। ਸਰਵ ਨੇ ਕਿਹਾ ਮੈਂ ਵਿਆਹ ਕਰਵਾਂਗਾ ਜੇ ਤੁਸੀਂ ਨਹੀਂ ਕੀਤਾ ਤਾਂ ਮੈਂ ਪ੍ਰੀਤ ਨੂੰ ਲੈ ਜਾਵਾਂਗਾ, ਨਹੀਂ ਮਰ ਜਾਵਾਂਗਾ। ਇਹ ਸੁਣਦੇ ਸਾਰ ਹੀ ਮਾਸੀ ਨੇ ਸਰਵ ਦੇ ਮੂੰਹ ਤੇ ਗੁੱਸੇ ਨਾਲ ਥੱਪ ਜੜ ਮਾਰਿਆ ਉਸਨੇ ਨੀਵੀਂ ਪਾ ਲਈ 'ਤੇ ਪ੍ਰੀਤ ਵੱਲ ਕੌੜਾ-ਕੌੜਾ ਝਾਕਣ ਲੱਗਾ। ਮਾਸੀ ਨੇ ਕਿਹਾ ਕਿ ਤੇਰਾ ਚਾਚਾ ਆਉਣ ਵਾਲਾ ਨੇ ਤੂੰ ਚਲਾ ਜਾਹ, ਉਹ ਤੁਹਾਨੂੰ ਦੋਵਾਂ ਨੂੰ ਮਾਰ ਦੇਵੇਗਾ, ਜਾ ਸਰਵ ਚਲਾ ਜਾਹ..ਪਰ ਉਹ ਉਥੇ ਹੀ ਬੈਠ ਗਿਆ ਤੇ ਬੋਲਿਆ ਤੁਸੀਂ ਮੈਨੂੰ ਇੱਥੇ ਹੀ ਮਾਰ ਦਿਓ। ਪਰ ਮੈਂ ਪ੍ਰੀਤ ਬਿਨਾਂ ਨਹੀਂ ਜਾਣਾ ਅੱਜ ਫੈਸਲਾ ਕਰ ਕੇ ਹੀ ਜਾਣਾ ਏਂ, ਭਾਵੇਂ ਮੈਨੂੰ ਅੱਜ ਮਰਨਾ ਕਿਉਂ ਨਾ ਪਵੇ।

ਮਾਸੀ ਨੇ ਸਰਵ ਅੱਗੇ ਆਪਣੀ ਇੱਜ਼ਤ ਦੇ ਵਾਸਤੇ ਪਾਏ। ਅਹਿਸਾਨਾਂ ਦੇ ਤੀਰ ਭਰੇ ਸ਼ਬਦ ਕਹੇ ਤਾਂ ਨਿਮੋਝੂਣਾਂ ਹੋ ਘਰ ਵੱਲ਼ ਤੁਰ ਪਿਆ। ਕੁਝ ਪਲ ਘਰ ਬੈਠ ਆਪਣੀ ਕਿਸਮ ਨੂੰ ਕੋਸਦਾ, ਦੁਕਾਨ ਤੇ ਚਲਾ ਗਿਆ ਤੇ ਬਆਦ ਵਿੱਚ ਪ੍ਰੀਤ ਦੀ ਮਾਸੀ ਉਸਦੇ ਘਰ ਆ ਗਈ ਤੇ ਓਹਦੀ ਮਾਂ ਨੂੰ ਉਸ ਬਾਰੇ ਸਭ ਕੁਝ ਦੱਸਿਆ। ਉਸਦੀ ਮਾਂ ਨੇ ਅਮਨ ਤੋਂ ਫ਼ੋਨ ਕਰਵਾਇਆ ਤੇ ਉਹ ਦੁਕਾਨ ਤੋਂ ਸਿੱਧਾ ਘਰ ਆਇਆ ਤਾਂ ਉਸਦੀ ਮਾਂ ਨੇ ਉਸਨੂੰ ਸਮਝਾਉਂਦਿਆਂ ਕਿਹਾ " ਪੁੱਤ ਇਹ ਸਭ ਕੀ ਕਰ ਰਿਹਾ ਏ" "ਪਿੰਡ 'ਚ ਆਪਣੇ ਪਰਿਵਾਰ 'ਚ ਵਿਆਹ ਨਹੀਂ ਹੁੰਦਾ। ਸਿਆਣਾ ਬਣ ਪੁੱਤ" ਉਸਨੇ ਜੋ ਕੁਝ ਪ੍ਰੀਤ ਦੇ ਘਰ ਕਿਹਾ ਸੀ ਉਹ ਗੱਲਾਂ ਆਪਣੀ ਮਾਂ ਨੂੰ ਵੀ ਦੱਸ ਦਿੱਤੀਆਂ ਤੇ ਗੁੱਸੇ ਵਿੱਚ ਘਰੋਂ ਚਲਾ ਗਿਆ ਦੋਵੇਂ ਪਰਿਵਾਰ ਦੁਖੀ ਸਨ ਸਰਵ ਦੇ ਪਾਗਲਪਨ ਸਭ ਨੂੰ ਚੱਕਰਾ 'ਚ ਪਾਇਆ ਸੀ। ਉਹ ਸਾਰਾ ਦਿਨ ਦੁਕਾਨ ਤੇ ਬੈਠਾ ਸੋਚਣ ਰਿਹਾ ਦੁਪਹਿਰ ਹੋਈ ਪ੍ਰੀਤ ਦੀ ਮੰਮੀ ਨੂੰ ਇਹ ਸਭ ਪਤਾ ਲੱਗਾ ਤੇ ਪ੍ਰੀਤ ਨੂੰ ਦਿਤਾ ਹੋਇਆ ਸਾਰਾ ਸਮਾਨ ਚੁੱਕ ਕੇ ਉਸਦੇ ਘਰ ਵੱਲ ਤੁਰ ਪਈ ਤੇ ਉਸ ਦੇ ਘਰ ਜਾ ਪਹੁੰਚੀ। ਉਸਦੇ ਘਰ ਉਸ ਦਾ ਸਾਰਾ ਪਰਿਵਾਰ ਤੇ ਉਹ ਆਪ ਵੀ ਘਰ ਸੀ। ਬਲਜੀਤ ਨੇ ਸਰਵ ਵੱਲ ਵੇਖਿਆ ਤੇ ਉਸ ਦੇ ਕੋਲ ਗਈ ਤੇ ਕਹਿਣ ਲੱਗੀ, ਸਰਵ ਤੂੰ ਇਹ ਸਭ ਠੀਕ ਨਹੀਂ ਕਰ ਰਿਹਾ ਆ ਚੱਕ ਤੇਰਾ ਸਮਾਨ ਜੋ ਤੈਂ ਪ੍ਰੀਤ ਨੂੰ ਦਿਤੈ। ਅਸੀਂ ਐਨੈ ਗ਼ਰੀਬ ਨਹੀਂ , ਤੂੰ ਕੌਣ ਹੁੰਦਾ ਏ ਇਹ ਸਭ ਦੇਣ ਵਾਲਾ। ਅੱਗੋਂ ਉਸਨੇ ਜਵਾਬ ਦੇਂਦਿਆਂ ਆਖਿਆਂ " ਆਂਟੀ ਮੈਂ ਗਰੀਬੀ ਕਰਕੇ ਇਹ ਸਭ ਨਹੀਂ ਦਿਤਾ ਮੈਂ ਪ੍ਰੀਤ ਨੂੰ ਪਿਆਰ ਕਰਦਾ ਹਾਂ ਇਸ ਕਰਕੇ ਮੈਂ

ਇਹ ਸਭ ਉਸਨੂੰ ਦਿੱਤਾ ਸੀ ਇਹ ਤਾਂ ਸਿਰਫ਼ ਤੋਹਫ਼ੇ ਨੇ। ਜੇ ਪ੍ਰੀਤ ਮੇਰੀ ਜਾਨ ਵੀ ਮੰਗੇ ਮੈਂ ਉਸ ਲਈ ਦੇ ਦਿਆਂਗਾ ਮੈਨੂੰ ਕੋਈ ਪ੍ਰਵਾਹ ਨਹੀ।" ਮੈ ਪ੍ਰੀਤ ਨੂੰ ਪਿਆਰ ਕਰਦਾ ਹਾਂ ਤੇ ਕਰਦਾ ਰਹਾਂਗਾ।

ਬਲਜੀਤ ਉਸ ਨੂੰ ਬੁਰਾ ਭਲਾ ਆਖਦੀ ਆਪਣੇ ਘਰ ਵਾਪਸ ਆ ਗਈ, ਉਸ ਦੀ ਮਾਂ ਇਹ ਸਭ ਖੜ੍ਹੀ ਸੁਣਦੀ ਰਹੀ ਅਤੇ ਉਸ ਦੇ ਜਾਣ ਤੋਂ ਬਾਅਦ ਉਸਨੇ ਸਰਵ ਤੋਂ ਇਹ ਸਭ ਬਾਰੇ ਪੁੱਛਿਆ ਤੇ ਕਿਹਾ " ਮੈਂ ਵੀ ਪ੍ਰੀਤ ਦੇ ਘਰ ਜਾ ਰਹੀ ਹਾਂ।" ਹਾਲੇ ਬਲਜੀਤ ਆਪਣੇ ਘਰ ਗਈ ਹੀ ਸੀ ਪਿੱਛੋਂ ਸਰਵ ਦੀ ਮਾਂ ਪ੍ਰੀਤ ਦੀ ਮਾਸੀ ਦੇ ਘਰ ਪਹੁੰਚੀ ਤਾਂ ਉੱਥੇ ਪ੍ਰੀਤ ਦੀ ਮਾਸੀ ਤੇ ਬੇਬੇ ਸਨ, ਸਰਵ ਦੀ ਮਾਂ ਨੇ ਪ੍ਰੀਤ ਨਾਲ ਗੱਲ ਕੀਤੀ " ਕੀ ਗੱਲ ਏ ਪੁੱਤ"ਸੁਣ ਪ੍ਰੀਤ ਦੀਆਂ ਅੱਖ਼ਾਂ 'ਚੋਂ ਅੱਥਰੂ ਆਪ ਮੁਹਾਰੇ ਵਹਿ ਤੁਰੇ। ਪ੍ਰੀਤ ਰੋਣ ਲੱਗ ਪਈ ਤੇ ਬੋਲੀ" ਮਾਸੀ ਇਸ ਵਿੱਚ ਸਰਵ ਦਾ ਕੋਈ ਦੋਸ਼ ਨਹੀਂ ਜੋ ਕਸੂਰ ਏ ਇਹ ਸਭ ਮੇਰਾ ਹੈ ਤੁਸੀਂ ਉਸਨੂੰ ਕੁਝ ਵੀ ਨਾ ਕਹਿਣਾ।" ਸਰਵ ਦੀ ਮੰਮੀ ਇਹ ਗੱਲ ਸੁਣ ਵਾਪਿਸ ਆ ਗਈ। ਉਸਨੇ ਕਿਹਾ ਹਾਂ ਸਰਵ ਸਾਰਾ ਕਸੂਰ ਉਸ ਕੁੜੀ ਦਾ ਏ ਉਹ ਇਹ ਗੱਲ਼ ਮੰਨ ਗਈ। ਸਰਵ ਨੇ ਕਿਹਾ ਨਹੀਂ ਸਾਡਾ ਦੋਵਾਂ ਦਾ ਕਸੂਰ ਏ ਪਿਆਰ ਤਾਂ ਪ੍ਰੀਤ ਨੂੰ ਮੈਂ ਵੀ ਕੀਤਾ ਏ, ਹੁਣ ਉਹ ਪਿਛੇ ਹੱਟਦੀ ਏ ਸਰਵ ਦੀ ਮਾਂ ਨੂੰ ਸਰਵ ਦੀਆਂ ਅੱਖਾਂ 'ਚੋਂ ਸਾਫ਼ ਪ੍ਰੀਤ ਦਾ ਪਿਆਰ ਨਜ਼ਰ ਆ ਰਿਹਾ ਸੀ ਪਰ ਉਹ ਕੁਝ ਬੋਲੀ ਨਾ ਤੇ ਉਸਨੂੰ ਕੱਲ਼ਾ ਛੱਡ ਅੰਦਰ ਚਲੀ ਗਈ, ਤੇ ਸੋਚਣ ਲੱਗੀ, ਪਤਾ ਨਹੀਂ ਮੇਰੇ ਪੁੱਤ ਨੂੰ ਕਿਸ ਦੀ ਨਜ਼ਰ ਲੱਗ ਗਈ ਸੱਭ ਨੂੰ ਉਸ ਕੁੜੀ ਲਈ ਅਣਦੇਖਾ ਪਿਆ ਕਰਦਾ ਜਾ ਰਿਹਾ ਹੈ। ਸ਼ਾਮ ਹੋ ਗਈ ਸੱਬੋ ਦਾ ਫ਼ੋਨ ਆਇਆ ਤੇ ਕਿਹਾ ਕਿ ਸਰਵ ਤੂੰ ਮੇਰੇ ਨਾਲ ਇਕ ਵਾਅਦਾ ਕਰ ਕਿ ਅੱਜ ਤੋਂ ਬਾਅਦ ਕਦੇ ਵੀ ਇਹੋ ਜਿਹਾ ਕੰਮ ਨਹੀਂ ਕਰੇਂਗਾ ਜਿਸ ਨਾਲ ਤੇਰੀ ਪ੍ਰੀਤ ਦੀ ਜਿੰਦਗੀ ਖ਼ਰਾਬ ਹੋਵੇ ਕਿਉਂਕਿ ਤੂੰ ਮੇਰਾ ਵੀਰ ਏਂ ਪ੍ਰੀਤ ਮੇਰੀ ਸਹੇਲੀ ਐ। ਮੈਂ ਤੇਰੇ ਨਾਲ ਵਾਅਦਾ ਕਰਦੀ ਹਾਂ ਕਿ ਕੁਝ ਦਿਨਾਂ ਵਿੱਚ ਮੈਂ ਪ੍ਰੀਤ ਨੂੰ ਮਨਾਲਾਂਗੀ ਤੇ ਦੁਬਾਰਾ ਤੇਰਾ ਮੇਲ ਕਰਾ ਦਿਆਂਗੀ। ਸਰਵ ਨੇ ਉਸਦਾ ਧੰਨਵਾਦ ਕੀਤਾ ਤੇ ਕਿਹਾ ਠੀਕ ਹੈ। ਮੈਂ ਤੇਰੇ ਤੇ ਭਰੋਸਾ ਕਰਦਾ ਹਾਂ। ਕੁਝ ਨਹੀਂ ਕਰਾਂਗਾ ਤੇ ਫ਼ੋਨ ਕੱਟ ਦਿੱਤਾ। ਅਗਲ਼ੀ ਸ਼ਾਮ ਨੂੰ ਸਰਵ ਸੋਚ ਦੀ ਦੁਕਾਨ ਤੇ ਬੈਠਾ ਸੀ ਉਸਨੇ ਆਪਣੀਆਂ ਸਾਰੀਆਂ ਗੱਲ਼ਾਂ ਉਸ ਨਾਲ਼ ਸਾਂਝੀਆਂ ਕੀਤੀਆਂ ਤੇ ਕਿਹਾ ਸੋਚ ਦੱਸ ਮੈਂ ਕੀ ਕਰਾਂ ਉਸਨੇ ਉਸਨੂੰ ਹੌਂਸਲਾ ਦਿੱਤਾ ਤੇ ਕਿਹਾ, ਜੇਕਰ ਪ੍ਰੀਤ ਤੈਨੂੰ ਪਿਆਰ ਕਰਦੀ ਹੋਈ ਉਹ ਇਕ ਦੋ ਦਿਨ ਵਿਚ ਤੈਨੂੰ ਜ਼ਰੂਰ ਫ਼ੋਨ ਕਰੇਗੀ ਕਿਉਂਕਿ ਉਸ ਨੂੰ ਪਤਾ ਸੀ ਕਿ ਉਹ ਉਸਨੂੰ ਬਹੁਤ ਪਿਆਰ ਕਰਦੀ ਐ ਕਿਉਂਕਿ ਉਸਨੇ ਫ਼ੋਨ ਕਰਕੇ ਦੱਸ ਦਿੱਤਾ ਸੀ ਮੈਨੂੰ ਇਹ ਵੀ ਪਤਾ ਸੀ ਕਿ

ਮੇਰੇ ਕੋਲ਼ ਜ਼ਰੂਰ ਆਵੇਗਾ ਅਸੀਂ ਗੱਲਾਂ ਹੀ ਕਰ ਰਹੇ ਸੀ। ਐਨੇ ਵਿੱਚ ਸਰਵ ਦੇ ਫ਼ੋਨ ਦੀ ਘੰਟੀ ਵੱਜੀ ਸੱਬੋ ਦਾ ਫ਼ੋਨ ਸੀ, ਉਸਨੇ ਸਰਵ ਦਾ ਹਾਲ ਪੁੱਛਿਆ ਤੇ ਕੁਝ ਗੱਲ਼ਾਂ ਕੀਤੀਆਂ ਕਿਹਾ " ਤੂੰ ਪ੍ਰੀਤ ਨਾਲ਼ ਗੱਲ਼ ਕਰਨੀ ਐ, ਉਹ ਮੇਰੇ ਕੋਲ਼ ਬੈਠੀ ਏ," ਇਹ ਸੁਣ ਸਰਵ ਦੀਆਂ ਅੱਖਾਂ ਵਿਚ ਪਾਣੀ ਭਰ ਆਇਆ ਉਸ ਤੋਂ ਕੋਈ ਗੱਲ਼ ਨਾ ਹੋਈ, ਕਿਉਂਕਿ ਓਹ ਉਸਦਾ ਗੁਨਾਹਗਾਰ ਸੀ ਬਸ ਰੋਂਦਾ ਰਿਹਾ ਪ੍ਰੀਤ ਨੇ ਸਰਵ ਨੂੰ ਕਿਹਾ ਕਿ ਤੂੰ ਇਹ ਕਿਵੇਂ ਸੋਚ ਲਿਆ ਕਿ ਮੈਂ ਤੈਨੂੰ ਛੱਡ ਸਕਦੀ ਹਾਂ। ਸਰਵ ਇਹ ਗੱਲ ਸੁਣ ਕੇ ਹੋਰ ਵੀ ਰੋਣ ਲੱਗਾ। ਉਸਨੇ ਪ੍ਰੀਤ ਨੂੰ ਪੁਛਿਆ ਕਿ ਤੂੰ ਮੇਰੇ ਨਾਲ 2 ਮਿੰਟ ਗੱਲ ਕਰ ਸਕਦੀ ਏਂ ਪ੍ਰੀਤ ਨੇ ਕਿਹਾ "ਹਾਂ ਜੀ ਜ਼ਰੂਰ" ਉਹ ਉਠ ਦੁਕਾਨ ਤੋਂ ਚਲਾ ਗਿਆ ਫਿਰ ਉਹ ਨਹਿਰ ਤੇ ਜਾ ਕੇ ਖੜ੍ਹ ਗਿਆ ਤੇ ਪ੍ਰੀਤ ਨੂੰ ਦੁਆਰਾ ਫ਼ੋਨ ਕਰ ਉੱਚੀ ਉੱਚੀ ਰੋਣ ਲਗਾ ਤੇ ਮਾਫ਼ੀਆਂ ਮੰਗੀਆਂ ਉਧਰ ਪ੍ਰੀਤ ਵੀ ਆਪਣੀ ਗਲਤੀ ਉੱਤੇ ਪਛਤਾ ਰਹੀ ਸੀ ਉਸਨੇ ਕਿਹਾ ਆਪਾਂ ਦੋਵਾਂ ਦੀ ਗਲ਼ਤੀ ਐ।

ਸਰਵ ਨੇ ਉਸਨੂੰ ਪੁਛਿਆ ਕਿ ਤੂੰ ਕਿਥੇ ਗਈ ਸੀ ਮੈਂ ਤੈਨੂੰ ਹਰ ਸ਼ਹਿਰ ਵਿੱਚ ਹਰ ਥਾਂ ਲੱਭਿਆ ਪਰ ਤੂੰ ਕਿਥੇ ਸੀ ? ਸਰਵ ਮੇਰੇ ਘਰਦੇ ਮੈਨੂੰ ਦੂਰ ਦੇ ਸ਼ਹਿਰ ਲੈ ਗਏ ਸਨ, ਕਿ ਕਿਸੇ ਨੂੰ ਪਤਾ ਨਾ ਲੱਗ ਜਾਵੇ। ਉਹਨਾਂ ਨੇ ਇਕ ਦੂਜੇ ਦੀ ਕਹਾਣੀਆਂ ਸੁਣੀਆਂ ਸੁਣਾਈਆਂ ਆਪਣੇ ਦੁੱਖ-ਸੁੱਖ ਸਾਂਝੇ ਕੀਤੇ। ਗਿਲ਼ੇ ਸ਼ਿਕਵਿਆਂ ਨੂੰ ਭੁਲਾ ਉਨ੍ਹਾਂ ਫਿਰ ਤੋਂ ਇਕੱਲਿਆਂ ਜੀਊਣ ਮਰਨ ਦੀਆਂ ਕਸਮਾਂ ਖਾਧੀਆਂ।

**" ਅਸੀਂ ਤੇਰੇ ਲਈ ਜੱਗ ਤੇ ਜਿਉਂਦੇ ਆਂ**
**ਤੇਰੇ ਤੇ ਸਾਨੂੰ ਮਾਣ ਸੱਜਣਾਂ**
**ਸਾਡੇ ਤੇਰੇ ਸਾਹਾਂ ਨਾਲ ਸਾਹ ਚਲਦੈ**
**ਤੂੰ ਹੋ ਨਾ ਬੇਪਰਵਾਹ ਸੱਜਣਾ---**

ਕਹਿੰਦੇ ਨੇ ਪਿਆਰ ਇਕ ਅਜਿਹਾ ਰੋਗ ਏ ਜਿਸਦਾ ਇਲਾਜ਼ ਕਿਧਰੇ ਨਹੀਂ। ਉਸ ਦਿਨ ਉਹਨਾਂ ਨੇ ਇਕੱਠੇ ਜੀਣ ਤੇ ਮਰਨ ਦੀਆਂ ਕਸਮਾਂ ਖਾਧੀਆਂ ਤੇ ਫਿਰ ਤੋਂ ਉਸੇ ਤਰ੍ਹਾਂ ਇਕ ਦੂਜੇ ਨਾਲ ਆਪਣਾ ਦੁੱਖ ਸਾਂਝਾਂ ਕਰਨ ਲੱਗੇ। ਸਮਾਂ ਆਪਣੀ ਚਾਲ ਚਲਦਾ ਗਿਆ। ਪ੍ਰੀਤ ਨੂੰ ਕਾਲਜ ਗਈ ਨੂੰ ਕਾਫ਼ੀ ਦਿਨ ਹੋ ਗਏ ਸਨ ਉਸਨੇ ਫਿਰ ਤੋਂ ਕਾਲਜ ਜਾਣਾ ਸ਼ੁਰੂ ਕਰ ਦਿੱਤਾ। ਇੰਝ ਲੱਗਦਾ ਸੀ ਸਾਰੇ ਦੁੱਖ ਪ੍ਰੀਤ ਤੋਂ ਉਡਾਰੀ ਮਾਰ ਕੇ ਭੱਜ ਗਏ ਹੋਣ। ਉਹ ਕਾਲਜ ਜਾਂਦੀ ਉਸਦੇ ਦਿਲ ਵਿਚ ਕੋਈ ਉਦਾਸੀ ਨਹੀਂ ਸੀ। ਕਾਲਜ ਵਿੱਚ ਸਹੇਲੀਆਂ ਨੇ ਉਸ ਦਾ ਹਾਲ ਪੁੱਛਿਆ ਤੇ ਕਿਹਾ ਸਾਡੀ ਹੀਰ ਦਾ ਕੀ ਹਾਲ ਐ ਪ੍ਰੀਤ

ਮੁਸ਼ਕਰਾ ਕੇ ਬੋਲੀ ਠੀਕ ਉਸਨੇ ਜੋ ਵਾਪਰਿਆ ਸਾਰੀਆਂ ਗੱਲ਼ਾਂ ਆਪਣੀਆਂ ਸਹੇਲੀਆਂ ਨਾਲ ਸਾਂਝੀਆਂ ਕੀਤੀਆਂ।

ਪ੍ਰੀਤ ਦੀਆਂ ਗੱਲਾਂ ਸੁਣ ਸਭ ਸਹੇਲੀਆਂ ਹੈਰਾਨ ਸਨ। ਸੁਣ ਹੈਰਾਨ ਹੋ ਆਖਣ ਲੱਗੀਆਂ "ਐਨਾ ਕੁਝ ਹੋ ਗਿਆ ਤੂੰ ਸਾਨੂੰ ਦੱਸਿਆ ਨਹੀਂ" ਪ੍ਰੀਤ ਕਹਿਣ ਲੱਗੀ "ਮੈਂ ਖੁਦ ਮਜਬੂਰ ਸੀ" , ਮੇਰੇ ਤੇ ਮੇਰੇ ਘਰਦਿਆਂ ਨੇ ਪਾਬੰਦੀ ਲਾ ਦਿੱਤੀ ਸੀ। ਮੈਨੂੰ ਇੰਝ ਲੱਗਦਾ ਸੀ ਮੈਂ ਕਦੇ ਵੀ ਤੁਹਾਨੂੰ ਮਿਲ ਨਹੀਂ ਸਕਾਂਗੀ, ਪਰ ਜੋ ਰੱਬ ਨੂੰ ਮਨਜੂਰ ਸੀ ਉਹ ਹੋਇਆ। ਸੁਣ ਸਭ ਨੇ ਸੁਖ ਦਾ ਸਾਹ ਲਿਆ ਤੇ ਆਖਿਆ ਪ੍ਰੀਤ ਤੂੰ ਖੁਸ਼ ਨਸੀਬ ਏ ਤੈਨੂੰ ਸਰਵ ਜਿਹਾ ਐਨਾ ਪਿਆਰ ਕਰਨ ਵਾਲਾ ਮੁੰਡਾ ਮਿਲਿਆ। ਜੋ ਤੇਰੇ ਲਈ ਕੁਝ ਵੀ ਕਰ ਸਕਦੈ। ਉਸਦੇ ਕਾਲਜ ਵਿੱਚ ਦਿਨ ਵਧੀਆ ਗੁਜ਼ਰਨ ਲੱਗੇ, ਸਮਾਂ ਆਪਣੀ ਚਾਲੇ ਚਲਦਾ ਰਿਹਾ, ਉਹ ਆਪਸ ਵਿੱਚ ਫਿਰ ਤੋਂ ਉਸੇ ਤਰ੍ਹਾਂ ਇਸ਼ਕ ਝਨਾ ਵਿੱਖ ਟੁੱਭੀਆਂ ਭਰਨ ਲੱਗੇ।

**ਕਦੇ ਖੁਸ਼ੀਆਂ ਆਉਂਦੀਆਂ ਨੇ**
**ਕਦੇ ਅੱਥਰੂ ਵਹਿੰਦੇ ਨੇ**
**ਰੁੱਸ ਰੁੱਸ ਕੇ ਜੀਣ ਨੂੰ ਹੀ ਸ਼ਾਇਦ**
**ਜ਼ਿੰਦਗੀ ਕਹਿੰਦੇ ਨੇ**

ਕਦੇ ਉਹ ਪ੍ਰੀਤ ਨੂੰ ਮਨਾਉਂਦਾ, ਕਦੇ ਪ੍ਰੀਤ ਉਸਨੂੰ ਮਨਾਉਂਦੀ,। ਪਿਆਰ ਦੇ ਮੌਸਮ, ਮੌਸਮ ਦੀ ਪਿਆਰੀ ਜਿਹੀ ਰੰਗਤ ਤੋਂ ਹਵਾ ਤੇ ਝੋਕੇ ਜਦੋਂ ਉਹਨਾਂ ਕੋਲੋਂ ਦੀ ਹੋ ਕੇ ਲੰਘਦੇ ਤਾਂ ਹਵਾ ਵਿੱਚ ਮਿਠਾਸ ਜਿਹੀ ਭਰ ਜਾਂਦੇ। ਇੰਜ਼ ਜਾਪਦਾ ਜਿਵੇਂ ਸਾਰਾ ਸੰਸਾਰ ਪ੍ਰੀਤ ਵਿੱਚ ਰੰਗਿਆ ਹੋਵੇ, ਪਿਆਰ ਦੇ ਗੀਤ ਫੁੱਲਾਂ ਦੀ ਮਹਿਕ ਨੂੰ ਹੋਰ ਮਹਿਕਾ ਦਿੰਦੇ। ਪ੍ਰੀਤ ਦਾ ਪਰੀਆਂ ਵਰਗਾ ਚਿਹਰਾ ਤੇ ਹਿਰਨੀ ਵਰਗੀਆਂ ਅੱਖਾਂ ਹਰ ਇੱਕ ਨੂੰ ਮੋਹ ਲੈਂਦੀਆਂ। ਸਰਵ ਇਸ ਹੁਸਨ ਦਾ ਉਮਰਾਂ ਲਈ ਕੈਦੀ ਬਣ ਕੇ ਰਹਿ ਗਿਆ ਸੀ। ਐਨਾ ਕੁਝ ਹੋਣ ਤੋਂ ਬਾਅਦ ਉਨ੍ਹਾਂ ਦਾ ਪਿਆਰ ਹੋਰ ਵੀ ਗੂੜ੍ਹਾ ਹੋ ਗਿਆ ਸੀ । ਇਕ ਦਿਨ ਪ੍ਰੀਤ ਦੇ ਕਾਲਜ ਵਿੱਚ ਪਾਰਟੀ ਸੀ, ਉਹਨਾਂ ਨੂੰ ਕੈਮਰੇ ਦੀ ਲੋੜ ਪਈ, ਉਸ ਸਾਰੀਆਂ ਸਹੇਲੀਆਂ ਨੂੰ ਪੁੱਛਿਆ ਪਰ ਕਿਸੇ ਕੋਲ ਕੈਮਰਾ ਨਹੀਂ ਸੀ, ਇਹ ਜਾਣ ਪ੍ਰੀਤ ਨੇ ਕਿਹਾ ਕੈਮਰਾ ਮੈਂ ਮੰਗਵਾ ਲਵਾਂਗੀ, ਕਿਉਂਕਿ ਉਸਨੂੰ ਯਕੀਨ ਸੀ, ਕਿ ਸਰਵ ਕਦੇ ਵੀ ਜਵਾਬ ਨਹੀਂ ਦੇਵੇਗਾ ਕਾਲਜ ਵਿੱਚੋਂ ਆ ਕੇ ਪ੍ਰੀਤ ਨੇ ਸਰਵ ਨੂੰ ਕੈਮਰੇ ਬਾਰੇ ਆਖਿਆ ਤਾਂ ਉਹ ਖ਼ੁਸ਼ੀ ਵਿੱਚ ਆਖਣ ਲੱਗਾ ਆਪਾਂ ਨਵਾਂ ਕੈਮਰਾ ਹੀ ਲੈ ਲੈਂਦੇ ਹਾਂ। ਆਪਾਂ ਨੂੰ ਜ਼ਿੰਦਗੀ 'ਚ ਲੋੜ ਪੈਂਦੀ ਰਹੇਗੀ।

ਪਰ ਪ੍ਰੀਤ ਨੇ ਕਿਹਾ ਨਹੀਂ ਤੂੰ ਕਿਰਾਏ ਤੇ  ਲਿਆਦੇ ਐਵੇਂ ਪੈਸੇ ਨਾ ਖਰਚੀਂ ਅੱਗੋਂ ਸਰਵ ਨੇ ਚਲ ਠੀਕ ਆਖ਼ ਕੇ ਹਾਮੀ ਭਰ ਦਿੱਤੀ।

ਉਸਨੇ ਕੈਮਰਾ ਅਗਲੇ ਦਿਨ ਲੈ ਕੇ ਦੇ ਦਿਤਾ। ਪ੍ਰੀਤ ਪਾਰਟੀ ਵਾਲੇ ਦਿਨ ਕੈਮਰਾ ਨਾਲ ਲੈ ਗਈ ਸਭ ਨੂੰ ਖੁਸ਼ੀ ਹੋਈ ਪ੍ਰੀਤ ਨੇ ਆਪਣੀਆਂ ਸਹੇਲੀਆਂ ਨਾਲ ਸਾਰਾ ਦਿਨ ਫੋਟੋਆਂ ਖਿੱਚੀਆਂ। ਖੁਸ਼ੀ ਨਾਲ਼ ਪਾਰਟੀ ਦਾ ਆਨੰਦ ਮਾਣਿਆ ਉਸਨੂੰ ਬਹੁਤ ਹੀ ਖੁਸ਼ੀ ਤੇ ਆਪਣੇ ਪਿਆਰ ਤੇ ਮਾਣ ਹੋਇਆ। ਉਹਨੂੰ ਫੋਟੋਆਂ ਖਿਚਾਉਣ ਦਾ ਵਾਹਲਾ ਹੀ ਸ਼ੌਂਕ ਸੀ।

**ਕਿਆ ਜ਼ਿੰਦਗੀ ਸੀ ਕਿਆ ਨਜ਼ਾਰੇ ਸਨ**
**ਜਦ ਮੇਰੇ ਕੋਲ ਮੇਰੇ ਪਿਆਰੇ ਸਨ**
**ਨਾ ਕੋਈ ਗ਼ਮ ਸੀ ਨਾ ਅੱਖ਼ ਨਮ ਸੀ**
**ਬਸ ਪਿਆਰ ਦੇ ਹੁਲਾਰੇ ਸਨ।**

ਪ੍ਰੀਤ ਨੇ ਸਰਵ ਨੂੰ ਕੈਮਰਾ ਵਾਪਿਸ ਦੇ ਦਿਤਾ ਤੇ ਉਸਨੇ ਸਾਰੀਆਂ ਫੋਟੋਆਂ ਤਿਆਰ ਕਰਵਾ ਕੇ ਦੇ ਦਿੱਤੀਆਂ। ਪ੍ਰੀਤ ਦੀਆਂ ਸਹੇਲੀਆਂ ਖੁਸ਼ ਸਨ। ਸੱਭ ਨੇ ਸਰਵ ਨੂੰ ਆਪਣੇ ਵੱਲੋਂ ਧੰਨਵਾਦ ਭੇਜਿਆ, ਇਹ ਦੇਖ ਪ੍ਰੀਤ ਦਾ ਸੀਨਾ ਚੌੜਾ ਹੋ ਗਿਆ ਤੇ ਉਹ ਆਪਣੇ ਪਿਆਰ ਤੇ ਮਾਣ ਮਹਿਸੂਸ ਕਰਨ ਲੱਗੀ ਉਹਨਾਂ ਕਾਫ਼ੀ ਗੱਲਾਂ ਕੀਤੀਆਂ ਤੇ ਕਾਲਜ ਟਾਇਮ ਤੋਂ ਬਾਅਦ ਘਰ ਆ ਰੋਟੀ ਖਾਧੀ ਤੇ ਫੋਟੋਆਂ ਮਾਸੀ ਨੂੰ ਵਿਖਾਉਣ ਲਈ ਆਵਾਜ਼ ਮਾਰੀ " ਮਾਸੀ ਮੇਰੀ ਪਾਰਟੀ ਦੀਆਂ ਫੋਟੋਆਂ ਦੇਖ" ਮਾਸੀ ਨੇ ਉਸਦੀ ਕੋਈ ਗੱਲ ਨਾ ਸੁਣੀ ਤੇ ਆਪਣੇ ਘਰ ਚਲੀ ਗਈ। ਉਹ ਉਦਾਸ ਜਿਹੀ ਹੋ ਗਈ ਫਿਰ ਆਪਣੀ ਮੰਮੀ ਨੂੰ ਕਿਹਾ ਤਾਂ ਮੰਮੀ ਨੇ ਜਵਾਬ ਦਿੱਤਾ " ਮੈਂ ਨਹੀਂ ਵੇਖਣੀਆਂ ਜਾ ਆਪਣੇ ਖਸਮ ਨੂੰ ਦਿਖਾ"। ਪ੍ਰੀਤ ਸੋਚਣ ਲੱਗੀ ਮੇਰੇ ਖਸਮ ਨੇ ਤਾਂ ਲਿਆ ਕੇ ਦਿੱਤੀਆਂ ਨੇ, ਉਹ ਥੋੜ੍ਹੀ ਹੱਸੀ ਤੇ ਆਪਣੇ ਕਮਰੇ ਵਿੱਚ ਚਲੀ ਗਈ ਤੇ ਸਰਵ ਨੂੰ ਫੋਨ ਕੀਤਾ ਫਿਰ ਰੋਣ ਹਾਕੀ ਹੁੰਦਿਆਂ ਬੋਲੀ "ਸਰਵ ਇਸ ਘਰ ਵਿੱਚ ਮੇਰੀ ਕਦਰ ਨਹੀਂ।" ਮੈਂ ਇੱਥੇ ਇਕੱਲੀ ਹਾਂ ਮੈਨੂੰ ਲੈ ਜਾ ਜਲਦੀ ਤੋਂ ਜਲਦੀ ਉਸਨੇ ਸਾਰੀਆਂ ਗੱਲਾਂ ਉਸਨੂੰ ਦੱਸੀਆਂ ਤੇ ਰੋਂਦੀ ਹੋਈ ਕਹਿਣ ਲੱਗੀ ਮੈਨੂੰ ਆਪਣੇ ਕੋਲ ਬੁਲਾ ਲੈ, ਮੈਂ ਤੇਰੇ ਗਲ੍ਹ ਲੱਗ ਰੋਣਾ ਚਾਹੁੰਦੀ ਹਾਂ। ਸਰਵ ਨੇ ਕਿਹਾ ਕੋਈ ਗੱਲ ਨਹੀਂ ਮੈਂ ਤੇਰੀਆਂ ਫੋਟੋਆਂ ਦੇਖਣ ਲਈ ਹਾਂ ਤਾਂ ਸਹੀ, ਹੋਰ ਦੀ ਕੀ ਲੋੜ ਏ ਮੇਰੀ ਖੰਡ ਰੋਣਾ ਬੰਦ ਕਰ। ਤੇਰੀਆਂ ਫੋਟੋਆਂ ਸਾਰੀਆਂ ਕੁੜੀਆਂ ਤੋਂ ਸੋਹਣੀਆਂ ਨੇ ਤੂੰ ਬਹੁਤ ਸੋਹਣੀ ਏ ਸੱਚੀ ਯਾਰ ਹਾਏ ਉਏ ਮਰ ਗਏ ਤੇ ਇਹ ਗੱਲ ਸੁਣ ਉਹ ਹੱਸਣ ਲੱਗੀ ਤੇ ਸ਼ਰਮਾ ਕੇ ਫੋਨ ਕੱਟ ਦਿਤਾ।

ਪ੍ਰੀਤ ਦੇ ਸਿਰ ਤੋਂ ਦੁੱਖਾਂ ਦੇ ਬੱਦਲ ਹਲ਼ੇ ਵੀ ਟਲ਼ੇ ਨਹੀਂ ਸਨ। ਘਰਦਿਆਂ ਦਾ ਸ਼ੱਕ ਤੇ ਉਸਦੇ ਚਾਚੇ ਦੀ ਅੱਖ ਹਾਲ਼ੇ ਵੀ ਉਸ ਉੱਤੇ ਸੀ। ਪ੍ਰੀਤ ਨੂੰ ਸਰਵ ਦੀ ਦੁਕਾਨ ਅੱਗਿਓਂ ਬੱਸ ਤੇ ਚੜ੍ਹਨੋ ਹਟਾ ਦਿੱਤਾ। ਬੱਸ ਉਸਦੇ ਘਰ ਅੱਗੇ ਖੜ੍ਹਣ ਲੱਗੀ ਸਿੱਧਾ ਆਪਣੇ ਘਰੋਂ ਬਸ ਤੇ ਚੜ੍ਹਨ ਲੱਗੀ। ਮਾਪਿਆਂ ਨੇ ਉਨ੍ਹਾਂ ਦੇ ਪਿਆਰ ਤੇ ਪਾਬੰਦੀ ਲਗਾਉਣੀ ਸ਼ੁਰੂ ਕਰ ਦਿੱਤੀ ਸੀ। ਪਹਿਲਾਂ ਤਾ ਇਹ ਗੱਲਾਂ ਸਿਰਫ਼ ਉਨ੍ਹਾਂ ਦੇ ਘਰਾਂ ਵਿੱਚ ਸਨ। ਪਰ ਹੁਣ ਇਹ ਗੱਲਾਂ ਸੱਥਾਂ ਵਿੱਚ ਵੀ ਹੋਣ ਲੱਗ ਪਈਆਂ। ਉਹਨਾਂ ਦੇ ਪਿਆਰ ਦੇ ਕਿਸੇ ਹਰ ਗਲੀ, ਹਰ ਮੋੜ ਦੀ ਚਲਦੀ ਫਿਰਦੀ ਖ਼ਬਰ ਬਣ ਗਈ ਸੀ, ਸਰਵ ਘਬਰਾ ਗਿਆ ਸੀ ਤੇ ਸਰਵ ਨੇ ਪ੍ਰੀਤ ਨੂੰ ਫ਼ੋਨ ਕੀਤਾ ਤੇ ਕਿਹਾ ਪ੍ਰੀਤ ਆਪਣੇ ਪਿਆਰ ਦੀ ਦਾਸਤਾਂ ਹਰ ਮੋੜ ਤੱਕ ਪਹੁੰਚ ਗਈ ਐ। ਤਾਂ ਉਸਨੇ ਅੱਗੋਂ ਜਵਾਬ ਦਿੱਤਾ ਫੇਰ ਕੀ ਗੱਲ ਏ ਤੂੰ ਡਰ ਗਿਆ ਇਹ ਦਿਨ ਦਾ ਮੈਂ ਕਦੋਂ ਤੋਂ ਇੰਤਜ਼ਾਰ ਕਰ ਰਹੀ ਸੀ। ਉਹ ਹੈਰਾਨ ਹੋ ਗਿਆ ਅਤੇ ਆਪਣੇ ਆਪ ਵਿੱਚ ਬੋਲਿਆ " ਸ਼ਾਇਦ ਉਹ ਇਹੋ ਚਾਹੁੰਦਾ ਸੀ। ਕਿ ਮੇਰਾ ਪਿਆਰ ਹਰ ਬੰਦੇ ਦੀ ਜ਼ੁਬਾਨ ਤੇ ਹੋਵੇ। ਉਸਨ ਕਿਹਾ ਮੈਨੂੰ ਖੁਸ਼ੀ ਹੈ ਕਿ ਤੂੰ ਮੇਰੇ ਲਈ ਜ਼ਮਾਨੇ ਨਾਲ ਵੀ ਲੜ ਸਕਦੀ ਏ।"

ਅੱਗੋਂ ਜਵਾਬ ਸੀ " ਮੇਰੀ ਇੱਕੋ ਤਮੰਨਾ ਹੈ, ਕਿ ਤੂੰ ਮਿਲ ਜਾਵੇਂ ਭਾਵੇਂ ਮੈਨੂੰ ਸਾਰੇ ਜ਼ਮਾਨੇ ਨਾਲ ਟੱਕਰ ਕਿਉਂ ਨਾ ਲੈਣੀਂ ਪਵੇ ਮੈਂ ਤੇਰੇ ਨਾਲ ਖੜਾਂਗੀ ਇਹ ਮੇਰਾ ਵਾਅਦਾ ਹੈ ਤੇ ਮੈਨੂੰ ਇਹ ਵੀ ਪਤਾ ਏ ਕਿ ਤੂੰ ਵੀ ਮੈਨੂੰ ਕਿੰਨਾ ਪਿਆਰ ਕਰਦਾ ਏ। ਸਰਵ ਤੂੰ ਕਸਮ ਖਾ ਕਿ ਜੇ ਮਰਾਂਗੇ ਤਾਂ ਦੋਵੇਂ 'ਕੱਠੇ ਮਰਾਂਗੇ ਜੇ ਜੀਏ ਤਾਂ ਵੀ ਦੋਵੇਂ ਇਕੱਠੇ। ਬਸ ਮੇਰਾ ਭਰੋਸਾ ਕਦੇ ਵੀ ਨਾ ਤੋੜੀਂ ਸਰਵ, ਨਹੀਂ ਤਾਂ ਇਸ ਦੁਨੀਆਂ ਦੀ ਕੋਈ ਵੀ ਕੁੜੀ ਪਿਆਰ ਨਹੀਂ ਕਰੇਗੀ। ਜੇਕਰ ਤੂੰ ਮੇਰਾ ਦਿਲ ਤੋੜ ਦਿੱਤਾ, ਸਮਝ ਲਈਂ ਪ੍ਰੀਤ ਜੱਗ ਤੇ ਨਹੀਂ ਰਹੀ ਮੇਰੀ ਆਸ ਸਿਰਫ਼ ਤੂੰ ਏਂ। ਕੋਈ ਭਾਵੇਂ ਕੁਝ ਵੀ ਕਹੇ ਪਰ ਮੈਂ ਤੇਰਾ ਸਾਥ ਕਦੇ ਵੀ ਨਹੀਂ ਛੱਡਾਂਗੀ।"

ਇਕ ਪਾਸੇ ਉਹ ਦੋਵੇਂ ਇਕ ਦੂਜੇ ਦੇ ਕਰੀਬ ਹੁੰਦੇ ਜਾ ਰਹੇ ਸਨ। ਦੂਜੇ ਪਾਸੇ ਲੋਕਾਂ ਨੇ ਉਹਨਾਂ ਦੀਆਂ ਬੁਰਿਆਈਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਪਲ਼ ਪਲ਼ ਉਹਨਾਂ ਲਈ ਇਮਤਿਹਾਨ ਦੀ ਘੜੀ ਸੀ। ਲੋਕੀ ਉਨ੍ਹਾਂ ਦੀਆਂ ਰਾਹਾਂ ਵਿੱਚ ਰੋੜਾ ਬਣ ਰਹੇ ਸਨ ਪਰ ਉਹ ਇਕ ਦੂਜੇ ਨਾਲ ਖੜ੍ਹੇ ਸਨ। ਇਕ ਦਿਨ ਸਰਵ ਦੁਕਾਨ ਤੇ ਸੀ ਉਸਦੇ ਦੋਸਤ ਉਸ ਕੋਲ਼ ਆਏ ਤੇ ਸਰਵ ਨੂੰ ਪ੍ਰੀਤ ਦੇ ਨਾਮ ਨਾਲ ਬੁਲਾਇਆ ਤਾਂ ਉਹ ਹੈਰਾਨ ਹੋ ਗਿਆ। ਲੋਕੀ ਸਰਵ ਨੂੰ ਪ੍ਰੀਤ ਦੇ ਨਾਂ ਨਾਲ ਬੁਲਾਉਣ ਲੱਗ ਪਏ ਸਨ। ਉਸਨੂੰ ਖ਼ੁਸ਼ੀ ਹੁੰਦੀ, ਉਹਨਾਂ ਨੇ ਕਿਹਾ " ਆਪਾਂ ਅੰਮ੍ਰਿਤਸਰ ਜਾਣੈ" ਤਾਂ ਉਸਦਾ ਜਵਾਬ ਸੀ " ਯਾਰ ਮੈਂ

ਪਹਿਲਾਂ ਪ੍ਰੀਤ ਨੂੰ ਪੁੱਛ ਲਵਾਂ” ਉਹਨਾਂ ਹੱਸਦਿਆਂ ਕਿਹਾ ਪੁੱਛ ਕੇ ਦੱਸੀਂ ਸਾਨੂੰ। ਉਸਨੇ ਫ਼ੋਨ ਕੀਤਾ “ ਪ੍ਰੀਤ ਮੈਂ ਅੰਮ੍ਰਿਤਸਰ ਜਾਣਾ ਏਂ ” ਤਾਂ ਪ੍ਰੀਤ ਨੇ ਕਿਹਾ “ ਉੱਥੇ ਜਾਣ ਦਾ ਤਾਂ ਫਾਇਦਾ ਏ ਜੇ ਉਸ ਤੋਂ ਤੂੰ ਮੈਨੂੰ ਮੰਗੇਂਗਾ ”। ਸਰਵ ਦਾ ਜਵਾਬ ਸੀ ਮੇਰੇ ਲਈ ਸਭ ਕੁਝ ਤੂੰ ਏਂ। ਤੂੰ ਮਿਲ ਗਈ ਸਭ ਕੁਝ ਮਿਲ ਗਿਆ” ਅੱਗੋਂ ਉਸਨੇ ਪੁੱਛਿਆ “ ਮੈਂ ਤੇਰੇ ਲਈ ਕੀ ਲੈ ਕੇ ਆਵਾਂ”। ਪ੍ਰੀਤ ਨੇ ਕਿਹਾ “ ਮੈਨੂੰ ਤਾਂ ਹੀ ਯਕੀਨ ਹੋਵੇਗਾ ਜੇ ਤੂੰ ਮੇਰਾ ਨਾਮ ਆਪਣੀ ਸੱਜੀ ਬਾਂਹ ਦੇ ਲਿਖਵਾ ਕੇ ਲਿਆਵੇਂਗਾ” ਤਾਂ ਸਰਵ ਨੇ ਕਿਹਾ “ਹਾਂ ਜੀ ਜ਼ਰੂਰ ਜੋ ਤੂੰ ਕਹੇ ਮਨਜ਼ੂਰ ਏ। ” ਮੈਨੂੰ ਜੋ ਤੈਨੂੰ ਭਾਵੇਂ ਲੈ ਆਵੀਂ, ਮੇਰਾ ਤੇ ਸਭ ਕੁੱਝ ਤੂੰ ਏਂ। ਮੇਰੀ ਖ਼ੁਸ਼ੀ ਲਈ ਕੁਝ ਵੀ ਲੈ ਕਿ ਆਵੀਂ। ਦੂਜੇ ਦਿਨ ਸਰਵ ਤੇ ਉਸਦੇ ਦੋਸਤ ਰੇਲ਼ ਤੇ ਸਫ਼ਰ ਲਈ ਬੈਠ ਗਏ। ਹਾਲ਼ੇ ਗੱਡੀ ਥੋੜੀ ਦੂਰ ਹੀ ਗਈ ਸੀ ਪ੍ਰੀਤ ਦੇ ਸਰਵ ਨੂੰ ਫ਼ੋਨ ਆਉਣੇ ਸ਼ੁਰੂ ਹੋ ਗਏ। ਜਦੋਂ ਪ੍ਰੀਤ ਦਾ ਫ਼ੋਨ ਆਉਂਦਾ ਉਸਨੂੰ ਦੋਸਤਾਂ ਵਿਚੋਂ ਉੱਠ ਕੇ ਜਾਣਾ ਪੈਂਦਾ। ਉਸਦਾ ਵਾਰ ਵਾਰ ਫ਼ੋਨ ਆਉਣਾ ਤੇ ਪੁੱਛਣਾ ਕਿਥੇ ਪਹੁੰਚ ਗਏ ਸਾਰੇ ਦੋਸਤ ਦੁੱਖੀ ਹੋ ਗਏ ਸਨ। ਉਹ ਕਹਿਣ ਲੱਗੇ ਯਾਰ ਹੁਣ ਤਾਂ ਫ਼ੋਨ ਛੱਡਦੇ ਉਹ ਉਸਨੂੰ ਅੱਗੇ ਮਜ਼ਾਕ ਕੱਢਣ ਲੱਗੇ ਤਾਂ ਉਸਨੇ ਪ੍ਰੀਤ ਨੂੰ ਕਹਿ ਦਿੱਤਾ ਯਾਰ ਫ਼ੋਨ ਨਾ ਕਰ। ਉਸਨੇ ਕਿਹਾ ਚੱਲ ਠੀਕ ਹੈ ਸਫ਼ਰ ਲੰਮਾ ਸੀ। ਉਸਦੇ ਦੋਸਤ ਸੌਂ ਗਏ ਸਨ ਤੇ ਉਸ ਦੀ ਅੱਖ ਵੀ ਲੱਗ ਗਈ ਉਸਨੂੰ ਬਹੁਤ ਭਿਆਨਕ ਸੁਪਨਾ ਆਇਆ ਦੇਖਿਆ ਕਿ ਉਹ ਤੇ ਪ੍ਰੀਤ ਘਰੋਂ ਭੱਜ ਗਏ ਸਨ ਤੇ ਉਹ ਇਸੇ ਟ੍ਰੇਨ ਵਿਚ ਜਾ ਰਹੇ ਸਨ ਸਾਰੇ ਪਿੰਡ ਨੂੰ ਪਤਾ ਲੱਗ ਚੁੱਕਾ ਸੀ। ਸਾਰੇ ਉਹਨਾਂ ਨੂੰ ਲੱਭਣ ਲਈ ਪਿੱਛੇ ਲੱਗ ਚੁੱਕੇ ਸਨ। ਉਹ ਬਹੁਤ ਘਬਰਾਏ ਹੋਏ ਸਨ, ਪ੍ਰੀਤ ਸਰਵ ਨੂੰ ਕਹਿ ਰਹੀ ਸੀ ਕਿ ਮੈਨੂੰ ਬਹੁਤ ਡਰ ਲੱਗ ਰਿਹੈ, ਮੇਰੇ ਮਾਪੇ ਮੇਰੇ ਪਿੱਛੇ ਨੇ, ਪਾਪਾ ਦਾ ਕੋਈ ਪਤਾ ਨਹੀਂ। ਪ੍ਰੀਤ ਦਾ ਪਾਪਾ ਇਹ ਗੱਲ਼ ਸੁਣ ਸਰਵ ਦੇ ਘਰ ਚਲਾ ਗਿਆ ਸੀ ਉਸਨੇ ਸਰਵ ਦੇ ਪਿਉ ਦੇ ਸਿਰ ਵਿੱਚ ਗੰਢਾਸਾ ਮਾਰਿਆ ਤੇ ਮਾਰ ਦਿੱਤਾ। ਫਿਰ ਅਮਨ ਨੇ ਪ੍ਰੀਤ ਦੇ ਪਾਪੇ ਦੇ ਸਿਰ ਵਿੱਚ ਇੱਟ ਮਾਰੀ ਉਹ ਵੀ ਮਰ ਗਿਆ ਸੀ ਸਾਰੇ ਇਕ ਦੂਜੇ ਦੇ ਦੁਸ਼ਮਣ ਬਣ ਗਏ ਦੋਵੇਂ ਪਰਵਾਰ ਆਪਸ ਵਿਚ ਤਹਿਸ਼ ਨਹਿਸ ਹੋ ਗਏ ਸਨ। ਉਹਨਾਂ ਨੂੰ ਲੱਭਣ ਲਈ ਪੁਲਿਸ ਪਿੱਛੇ ਲੱਗ ਗਈ ਉਹਨਾਂ ਤੇ ਰਿਸ਼ਤੇਦਾਰ ਉਹਨਾਂ ਨੂੰ ਕੁੱਤਿਆਂ ਵਾਂਗ ਲੱਭ ਰਹੇ ਸੀ। ਕੋਈ ਐਸੀ ਥਾਂ ਨਹੀਂ ਛੱਡੀ ਜਿੱਥੇ ਉਹਨਾਂ ਨੂੰ ਨਾ ਭਾਲਿਆ ਪਰ ਆਖ਼ਿਰ ਉਹ ਉਹਨਾਂ ਨੂੰ ਅੰਮ੍ਰਿਤਸਰ ਜਾਣ ਵਾਲੀ ਗੱਡੀ ਵਿਚ ਮਿਲ ਹੀ ਗਏ ਤੇ ਟ੍ਰੇਨ ਵਿਚ ਪ੍ਰੀਤ ਦੇ ਚਾਚੇ ਨੇ ਉਸ ਕੋਲੋਂ ਪ੍ਰੀਤ ਨੂੰ ਖਿੱਚ ਲਿਆ ਤੇ ਉਸਨੂੰ ਇਕ ਪਾਸੇ ਲੈ ਗਏ। ਪ੍ਰੀਤ ਦਾ ਚਾਚਾ ਕਹਿਣ ਲੱਗਾ ਸਭ ਤੋਂ ਪਹਿਲਾਂ ਤੈਨੂੰ ਦੱਸਦਾ ਹਾਂ ਕੁੜੀ ਕਿਵੇਂ ਭਜਾਈ ਦੀ ਏ ਉਹ ਉਸ ਵੱਲ਼

ਪਿਸਤੌਲ ਤਾਣ ਕੇ ਖੜਾ ਹੋ ਗਿਆ ਤੇ ਗੋਲੀ ਚਲਾ ਦਿੱਤੀ, ਅੱਗੋਂ ਪ੍ਰੀਤ ਭੱਜਕੇ ਅੱਗੇ ਆ ਗਈ ਸਰਵ ਦੀ ਚੀਕ ਨਿਕਲ ਗਈ, ਉਹ ਅਬੜਬਾਹੇ ਉਠਿਆ, ਉਸਦੇ ਬੁਲ੍ਹਾਂ ਤੇ ਪ੍ਰੀਤ ਦਾ ਨਾਂ ਸੀ ਉਹ ਘਬਰਾਇਆ ਹੋਇਆ ਪਸੀਨਾ ਪਸੀਨਾ ਹੋਇਆ ਹੋਇਆ ਸੀ। ਦੋਸਤਾਂ ਨੇ ਉਸਨੂੰ ਪਾਣੀ ਪਿਲਾਇਆ ਤਾਂ ਉਸਨੂੰ ਸਕੂਨ ਮਿਲਿਆ। ਉਸਨੇ ਇਹ ਗੱਲ਼ ਕਿਸੇ ਨੂੰ ਨਾ ਦੱਸੀ ਕਿਉਂਕਿ ਉਹ ਉਸਦਾ ਮਜ਼ਾਕ ਉਡਾਉਂਦੇ ਉਹ ਚੁੱਪਚਾਪ ਬੈਠ ਗਿਆ। ਹੁਣ ਉਹ ਅੰਮ੍ਰਿਤਸਰ ਪਹੁੰਚਣ ਵਾਲ਼ੇ ਸਨ। ਸਰਵ ਨੇ ਪ੍ਰੀਤ ਨੂੰ ਸੁਨੇਹਾ ਭੇਜ ਦਿੱਤਾ ਕਿ ਮੈਂ ਪਹੁੰਚ ਗਿਆ ਹਾਂ। ਉਹ ਉੱਥੇ ਪਹੁੰਚ ਗਏ ਸਨ ਉਹਨਾਂ ਨੇ ਕਿਰਾਏ ਤੇ ਕਮਰਾ ਲੈ ਲਿਆ। ਕਾਫ਼ੀ ਰਾਤ ਹੋ ਚੁੱਕੀ ਸੀ। ਰਾਤ ਬੀਤੀ ਉਨ੍ਹਾਂ ਨੇ ਸਰੋਵਰ 'ਚ ਇਸ਼ਨਾਨ ਕੀਤਾ ਤੇ ਸਾਰੇ ਦੋਸਤ ਦਰਬਾਰ ਸਾਹਿਬ ਗਏ । ਉੱਥੇ ਸਭ ਨੇ ਮੱਥਾ ਟੇਕਿਆ, ਸਰਵ ਨੇ ਆਪਣੀ ਪ੍ਰੀਤ ਦੀ ਖ਼ੈਰ ਮੰਗੀ ਤੇ ਰੱਬ ਅੱਗੇ ਅਰਦਾਸ ਕੀਤੀ " ਰੱਬਾ ਮੈਨੂੰ ਮੇਰੀ ਪ੍ਰੀਤ ਮਿਲ ਜਾਵੇ," ਮੈਂ ਤੇਰੇ ਦਰਬਾਰ ਪ੍ਰੀਤ ਨੂੰ ਲੈ ਕੇ ਜ਼ਰੂਰ ਆਵਾਂਗਾ। ਉਹ ਬਹੁਤ ਖ਼ੁਸ਼ ਸੀ ਤੇ ਉਹ ਸਾਰੇ ਉੱਥੋ ਇਕੱਠੇ ਬਜ਼ਾਰ ਵੇਖਣ ਲਈ ਚੱਲ ਪਏ ਸਰਵ ਇਕ ਦੁਕਾਨ ਤੇ ਰੁੱਕ ਗਿਆ ਜਿੱਥੇ ਨਾਮ ਖੁਣਦੇ ਸਨ ਸਰਵ ਨੇ ਦੁਕਾਨਦਾਰ ਨੂੰ ਆਪਣੀ ਸੱਜੀ ਬਾਂਹ ਤੇ ਨਾਮ ਪਾਉਣ ਲਈ ਕਿਹਾ ਉਸਨੇ ਪ੍ਰੀਤ ਦਾ ਨਾਮ ਆਪਣੀ ਬਾਂਹ ਤੇ ਪਵਾ ਲਿਆ ਤੇ ਉਸ ਲਈ ਬਹੁਤ ਸਾਰਾ ਸਮਾਨ ਖਰੀਦਿਆ ਤੇ ਆਪਣੀ ਖ਼ੁਸ਼ੀ ਨਾਲ ਚੁੜੀਆਂ ਤੇ ਗਜ਼ਰਾ ਲੈ ਕੇ ਆਇਆ। ਆਪਣੇ ਭਤੀਜੇ ਚਾਹਤ ਲਈ ਇਕ ਕੜਾ ਤੇ ਮਾਂ ਤੇ ਪ੍ਰੀਤ ਲਈ ਇਕ ਇਕ ਚੂੜੀ। ਉਸਦੇ ਦੋਸਤ ਉਸਤੋਂ ਨਾਂ ਪਵਾਉਣ ਕਰਕੇ ਨਰਾਜ਼ ਸਨ ਉਨ੍ਹਾਂ ਉਸਨੂੰ ਬਹੁਤ ਕੁਝ ਬੋਲਿਆ। ਕਿਉਂਕਿ ਉਨ੍ਹਾਂ ਉਸਨੂੰ ਇਹ ਕਰਨ ਤੋਂ ਰੋਕਿਆ ਸੀ, ਪਰ ਸਰਵ ਨੇ ਕਿਸੇ ਦੀ ਇਕ ਨਾ ਸੁਣੀ ਆਪਣੇ ਯਾਰ ਦਾ ਨਾਮ ਬਾਂਹ ਤੇ ਪਵਾ ਸ਼ਾਮ ਤੱਕ ਉਹ ਘੁੰਮਦੇ ਰਹੇ, ਦੂਜੇ ਦਿਨ ਉਹ ਆਪਣੇ ਘਰ ਵੱਲ਼ ਨੂੰ ਰਵਾਨਾ ਹੋਏ, ਤੀਜੇ ਦਿਨ ਆਪਣੇ ਘਰ ਪਹੁੰਚੇ। ਸਰਵ ਸ਼ਾਮ ਨੂੰ 8 ਵਜੇ ਆਪਣੇ ਘਰ ਪਹੁੰਚਿਆ ਉਸਨੇ ਘਰ ਆ ਕੇ ਆਪਣੇ ਸਾਰੇ ਪਰਿਵਾਰ ਦੇ ਪੈਰੀਂ ਹੱਥ ਲਾਏ ਤੇ ਪ੍ਰੀਤ ਦੀ ਫੋਟੋ ਨੂੰ ਚੁੰਮਿਆ। ਫੋਟੋ ਨਾਲ਼ ਗੱਲਾਂ ਕਰਨ ਲੱਗਾ ਤੇ ਫੋਟੋ ਆਪਣੇ ਸੀਨੇ ਉੱਤੇ ਰੱਖ ਲਈ ਤੇ ਸੁਪਨਿਆਂ ਦੀ ਦੁਨੀਆਂ ਵਿਚ ਖੋ ਗਿਆ ਜਿਥੇ ਹਰ ਰੋਜ਼ ਉਨ੍ਹਾਂ ਦੀ ਮੁਲਾਕਾਤ ਹੁੰਦੀ ਸੀ ਜੀਹਨੂੰ ਉਹ ਖੁਆਬਾਂ ਦਾ ਘਰ ਕਹਿੰਦੇ ਸਨ ਜਿਸਦੀ ਨਾਂ ਕੋਈ ਜਾਤ ਸੀ ਨਾਂ ਕੋਈ ਡਰ ਸੀ ਬਸ ਪਿਆਰ ਕਰਨ ਵਾਲਿਆਂ ਦਾ ਦੇਸ਼-- ਜਿੱਥੇ ਕੋਈ ਵੀ ਬੇਗਾਨਾਂ ਨਹੀਂ ਸੀ ਸਿਰਫ਼ ਆਪਣੇ ਸਨ। ਜਿਹਨਾਂ ਦਾ ਰਿਸ਼ਤਾ ਸਿਰਫ਼ ਦਿਲ ਦਾ ਸੀ ਨਾ ਕਿ ਖ਼ੂਨ ਦਾ ਕਿਉਂਕਿ ਪਿਆਰ ਦੀ ਸੀਮਾ ਹੀ ਸੁਪਨਿਆਂ ਤੋਂ ਸ਼ੁਰੂ ਤੇ ਖ਼ਤਮ ਵੀ ਸੁਪਨਿਆਂ ਵਿੱਚ ਹੁੰਦੀ ਹੈ। ਜੋ ਕਿਸਮਤ

ਵਾਲਿਆਂ ਨੂੰ ਨਸੀਬ ਹੁੰਦੀ ਏ.. ਮੈਂ ਹਰ ਵਾਰ ਸੋਚਦਾ ਸੀ ਕਿ ਸਰਵ ਦੇ ਪਿਆਰ ਦੀ ਕਹਾਣੀ ਉਹਨਾਂ ਲੋਕਾਂ ਵਾਂਗ ਹੋਣੀ ਜਿਵੇਂ ਅੱਜ ਦੇ ਕਲਯੁੱਗੀ ਆਸ਼ਿਕ ਕਰਦੇ ਨੇ ਜਿਨ੍ਹਾਂ ਦਾ ਪਿਆਰ ਪੈਸੇ ਦੀ ਉਸ ਸੀਮਾ ਤੇ ਖੜ੍ਹਾ ਹੁੰਦੈ ਜਿੱਥੇ ਰਿਸ਼ਤਿਆਂ ਦਾ ਮੁੱਲ ਪੈਸੇ ਨਾਲ ਪੈਂਦੈ । ਜਿੱਥੇ ਪਿਆਰ ਕਰਨ ਵਾਲੇ ਦਿਲਾਂ ਨੂੰ ਪਲਾਟ ਸਮਝਦੇ ਨੇ ਜਿਸਦਾ ਹਰ ਕੋਈ ਮੁੱਲ ਲਗਾ ਕੇ ਚਲਾ ਜਾਂਦਾ ਹੈ। ਜਿਥੇ ਰੱਬ ਵੀ ਲੋਕਾਂ ਲਈ ਇੱਕ ਪੈਸੇ ਵਾਲੀ ਮਸ਼ੀਨ ਜਾਂ ਇੱਕ ਕਾਰੋਬਾਰ ਬਣ ਗਿਐ। ਪਰ ਮੈਂ ਹੈਰਾਨ ਸਾਂ ਇਹਨਾਂ ਆਸ਼ਕਾਂ ਨੂੰ ਦੇਖ ਕੇ ਰੱਬ ਨੇ ਇਹਨਾਂ ਦੀ ਤਕਦੀਰ ਕਿਸ ਪੈਨਸਿਲ ਨਾਲ ਲਿਖੀ ਸੀ।

ਮੈਨੂੰ ਹਾਲੇ ਵੀ ਉਸ ਘੜੀ ਦਾ ਇੰਤਜ਼ਾਰ ਸੀ ਕਿ ਕਦ ਉਨ੍ਹਾਂ ਦਾ ਮੇਲ ਹੁੰਦਾ ਏ, ਮੇਰੇ ਲਈ ਇਹ ਕਿੱਸਾ ਬੜਾ ਹੀ ਲੰਮਾ ਤੇ ਰੋਚਕ ਹੁੰਦਾ ਜਾ ਰਿਹਾ ਸੀ ਸਰਵ ਹਾਲੇ ਚਾਹ ਪੀਣ ਲਈ ਮੇਰੀ ਦੁਕਾਨ ਤੋਂ ਗਿਆ ਸੀ। ਅਤੇ ਉਹ ਬੜੀ ਜਲਦੀ ਵਾਪਸ ਆ ਗਿਆ। ਮੈ ਉੱਤਸੁਕ ਹੋ ਕੇ ਪੁੱਛਿਆ ਅੱਗੇ ਹੋਰ ਕੀ ਹੋਇਆ।

ਅਗਲੇ ਦਿਨ ਉਹ ਦੁਕਾਨ ਤੇ ਗਿਆ ਉਸਨੇ ਸਵੇਰੇ-ਸਵੇਰੇ ਪ੍ਰੀਤ ਦੇ ਦਰਸ਼ਨ ਕੀਤੇ। ਉਹਨੇ ਉਸਨੂੰ ਸਤਿ ਸ੍ਰੀ ਅਕਾਲ ਬੁਲਾਈ ਤੇ ਖ਼ੁਸ਼ੀ ਦਾ ਇਜ਼ਹਾਰ ਕੀਤਾ । ਉਸ ਦੀ ਦੁਕਾਨ ਤੇ ਨਾਲ ਲਗਦੇ ਘਰ 'ਚ ਇੱਕ ਬੁੱਢੀ ਮਾਤਾ ਰਹਿੰਦੀ ਸੀ ਜੋ ਉਸਨੂੰ ਪਿਆਰ ਕਰਦੀ। ਸਰਵ ਜਦ ਵੀ ਕਦੇ ਉਹਨਾਂ ਦੇ ਘਰ ਜਾਂਦਾ ਉਹ ਉਸ ਨਾਲ ਆਪਣੇ ਦੁੱਖ-ਸੁੱਖ ਸਾਂਝੇ ਕਰਦਾ। ਉਸਦੇ ਘਰ ਦੇ ਉਸ ਨਾਲ ਘੱਟ ਬੋਲਦੇ ਪ੍ਰੀਤ ਵਾਲੀ ਗੱਲ ਕਾਰਨ ਉਹਨਾਂ ਲਈ ਉਹ ਇੱਕ ਗੁਨਾਹਕਾਰ ਬਣ ਗਿਆ ਸੀ। ਉਸ ਲਈ ਉਹ ਉਸਦੇ ਦੁੱਖ ਸੁਣਨ ਵਾਲੀ ਇੱਕੋ ਮਾਤਾ ਸੀ। ਉਹ ਕਈ ਦਿਨਾਂ ਤੋਂ ਬਿਮਾਰ ਸੀ ਅਚਾਨਕ ਹੀ ਉਸ ਦੀ ਮੌਤ ਹੋ ਗਈ। ਉਸਨੂੰ ਜਦੋਂ ਇਹ ਪਤਾ ਲੱਗਾ ਤਾਂ ਉਸ ਨੂੰ ਬਹੁਤ ਦੁੱਖ ਹੋਇਆ, ਇਕ ਹੀ ਤਾਂ ਸੀ ਉਸਦੇ ਦੁੱਖ ਸੁਣਨ ਵਾਲੀ। ਉਸਨੂੰ ਰੱਬ ਨੇ ਆਪਣੇ ਕੋਲ ਬੁਲਾ ਲਿਆ—ਕੁਝ ਟਾਇਮ ਬਾਅਦ ਪ੍ਰੀਤ ਦਾ ਫ਼ੋਨ ਆਇਆ ਉਸਨੇ ਤੇਜੋ ਬਾਰੇ ਦੱਸਿਆ ਕਿਹਾ ਕਿ ਮੈਂ ਤੇਰੇ ਨਾਲ ਗੱਲ ਨਹੀਂ ਕਰ ਸਕਦਾ ਮੈਂ ਦੁੱਖੀ ਹਾਂ ਪ੍ਰੀਤ ਨੇ ਫ਼ੋਨ ਕੱਟ ਦਿੱਤਾ। ਉਹ ਉਸ ਮਾਤਾ ਬਾਰੇ ਸੋਚ ਰਿਹਾ ਸੀ। ਜਦੋਂ ਕੋਈ ਆਪਣਾ ਕਿਸੇ ਤੋਂ ਵੱਖ ਵੱਖ ਹੋਵੇ ਤਾਂ ਦੁੱਖ ਤਾਂ ਹੁੰਦਾ ਹੀ ਹੈ ਉਸ ਦਿਨ ਉਸਨੇ ਕੋਈ ਕੰਮ ਨਾ ਕੀਤਾ। ਬਸ ਉਸਦੇ ਘਰ ਵੱਲ ਵੇਖਦਾ ਆਪੇ ਵਿਚ ਅਜੀਬ ਜਿਹੀਆਂ ਗੱਲਾਂ ਕਰਦਾ ਰਿਹਾ—

ਪੂਰਾ ਦਿਨ ਬੀਤ ਗਿਆ ਭਾਵੇਂ ਉਹ ਬੁੱਢੀ ਮਾਤਾ ਉਸ ਦੀ ਕੋਈ ਸਕੀ ਸਬੰਧੀ ਨਹੀਂ ਸੀ। ਫੇਰ ਵੀ ਕਿਸੇ ਨਾਲ ਇਨਸਾਨੀਅਤ ਦਾ ਰਿਸ਼ਤਾ ਬਹੁਤ

ਜ਼ਿਆਦਾ ਅਹਿਮੀਅਤ ਰੱਖਦਾ ਹੈ। ਸਰਵ ਦਾ ਦਿਨ ਰਿਸ਼ਤਿਆਂ ਦੀ ਇਸ ਉਧੇੜਬੁਣ ਵਿੱਚ ਗੁੱਜ਼ਰ ਗਿਆ। ਸ਼ਾਮ ਹੋ ਗਈ ਪ੍ਰੀਤ ਨੇ ਉਸਨੂੰ ਫ਼ੋਨ ਕੀਤਾ ਹਾਲ ਪੁੱਛਿਆ ਕਹਿਣ ਲੱਗੀ " ਮੈਂ ਕਦੇ ਸੋਚਿਆ ਵੀ ਨਹੀਂ ਸੀ ਕਿ ਤੂੰ ਮੇਰੇ ਲਈ ਇਹ ਸਭ ਕਰੇਂਗਾ ਤੇ ਆਪਣਿਆਂ ਦਾ ਵੀ ਖਿਆਲ ਰੱਖੇਗਾਂ।" ਅੱਗੋਂ ਉਸ ਨੇ ਆਖਿਆ- ਅੱਜ ਤੈਨੂੰ ਕੀ ਹੋ ਗਿਆ, ਪ੍ਰੀਤ ਉਹਨਾਂ ਦਿਨਾਂ ਨੂੰ ਯਾਦ ਕਰਨ ਲੱਗੀ ਜਦੋਂ ਉਹ ਉਸ ਲਈ ਸਾਇਕਲ ਤੇ ਗੇੜੇ ਮਾਰਦਾ, ਸਾਰਾ ਦਿਨ ਉਸਦੇ ਘਰ ਵੱਲ ਦੇਖਦਾ। ਹੌਲੀ-ਹੌਲੀ ਸਭ ਬਦਲ ਗਿਆ ਸਰਵ ਕਹਿਣ ਲੱਗਾ ਪ੍ਰੀਤ ਵੇਖਦਾ ਤਾਂ ਅੱਜ ਵੀ ਹਾਂ ਪਰ ਉਹ ਗੱਲ ਨਾ ਰਹੀ ਜੋ ਪਹਿਲਾਂ ਸੀ ਸਾਰੇ ਲੋਕ ਅੱਜ ਮੈਨੂੰ ਹੋਰ ਨਜ਼ਰ ਨਾਲ ਦੇਖਦੇ ਨੇ। ਮੈਂ ਉਹਨਾਂ ਲਈ ਉਹ ਸਰਵ ਨਾ ਰਿਹਾ ਮੇਰੇ ਦੋਸਤ ਵੀ ਮੈਨੂੰ ਤੇਰੇ ਨਾਂ ਨਾਲ ਬਲਾਉਂਦੇ ਨੇ ਫਿਰ ਉਹ ਚੁੱਪ ਹੋ ਗਿਆ ਪ੍ਰੀਤ ਨੇ ਫ਼ੋਨ ਕੱਟ ਦਿੱਤਾ ਅਗਲੇ ਦਿਨ ਸਵੇਰ ਹੋਈ ਤੇ ਹਰ ਵਾਰ ਦੀ ਤਰ੍ਹਾਂ ਪ੍ਰੀਤ ਨੇ ਉਸਨੂੰ ਫ਼ੋਨ ਕੀਤਾ, ਉਸਦੇ ਮਾਮੇ ਦੀ ਕੁੜੀ ਦਾ ਵਿਆਹ ਸੀ ਉਸਨੇ ਕਿਹਾ ਮੈ ਦੋ ਦਿਨ ਲਈ ਵਿਆਹ ਜਾ ਸਕਦੀ ਹਾਂ ਸਰਵ ਨੇ ਕਿਹਾ ਹਾਂ ਜੀ ਜਾ ਸਕਦੇ ਹੋ। ਪਰ ਜਲਦੀ ਮੁੜ ਆਉਣਾ। ਪ੍ਰੀਤ ਨੇ ਕਿਹਾ ਹਾਂ ਜੀ ਉਨ੍ਹਾਂ ਦਾ ਰਿਸ਼ਤਾ ਐਨਾ ਜ਼ਿਆਦਾ ਗੂੜ੍ਹਾ ਹੋ ਚੁੱਕਾ ਸੀ। ਉਹ ਕੋਈ ਕੰਮ ਬਿਨਾਂ ਪੁੱਛੇ ਨਾ ਕਰਦੇ ਪ੍ਰੀਤ ਵਿਆਹ ਦੀ ਤਿਆਰੀ ਕਰਨ ਲੱਗੀ ਤੇ ਖੁਸ਼ੀ ਦੇ ਲੱਡੂ ਭੋਰ ਰਹੀ ਸੀ ਸਰਵ ਆਪਣੇ ਕੰਮ ਤੇ ਲੱਗਿਆ ਸੀ ..ਪ੍ਰੀਤ ਦੇ ਘਰ ਵਾਲ਼ੇ ਸਾਰੇ ਵਿਆਹ ਦੀ ਤਿਆਰੀ ਕਰਨ ਲੱਗੇ ਸਨ ਗੋਰਾ ਦੋ ਦਿਨ ਪਹਿਲਾਂ ਵਿਆਹ ਚਲਾ ਗਿਆ। ਪ੍ਰੀਤ ਦੇ ਪਾਪਾ ਨੂੰ ਕੋਈ ਕੰਮ ਸੀ ਉਹ ਜਾ ਨਾ ਸਕਿਆ ਅਗਲੇ ਦਿਨ ਪ੍ਰੀਤ ਨੇ ਸਵੇਰੇ ਤਿਆਰ ਹੋ ਕੇ ਸਰਵ ਨੂੰ ਫ਼ੋਨ ਕੀਤਾ ਤੇ ਕਿਹਾ ਸਰਵ ਮੈਂ ਤਿਆਰ ਹੋ ਚੁੱਕੀ ਹਾਂ ਮੈਂ ਤੈਨੂੰ ਦੇਖਣੈ ਪਲੀਜ਼ ਸਾਡੇ ਘਰ ਵੱਲ ਆ ਜਾ ਜਲਦੀ ਸਰਵ ਨੇ ਫ਼ੋਨ ਕੱਟਿਆ ਤੇ ਉਸਦੇ ਘਰ ਵੱਲ ਹੋ ਤੁਰਿਆ ਸਰਵ ਨੇ ਪ੍ਰੀਤ ਨੂੰ ਦੇਖਿਆ ਉਹ ਪਰੀਆਂ ਵਰਗੀ ਲੱਗ ਰਹੀ ਸੀ ਤੇ ਉਸਨੇ ਚਿੱਟੀ ਕੁੜਤੀ ਹਰੀ ਸਲਵਾਰ ਤੇ ਹਰੀ ਚੁੰਨੀ ਲਈ ਸੀ ਹਰੇ ਰੰਗ ਦੇ ਕੰਨਾਂ ਵਿੱਚ ਝੁਮਕੇ ਪਾਏ ਉਸਦਾ ਧੁੱਪ ਵਰਗਾ ਮੁੱਖੜਾ ਉਸਦੇ ਦਿਲ ਨੂੰ ਜ਼ਖਮੀ ਕਰਦਾ ਜਾ ਰਿਹਾ ਸੀ ਉਸ ਨੇ ਉਹਦੇ ਵੱਲ ਪਿਆਰ ਨਾਲ ਤੱਕਿਆ ਤੇ ਉਹ ਆਖ ਉਠਿਆ -

**" ਕੀ ਸੋਹਣੀਏ ਤੇਰੀ ਤਾਰੀਫ਼ ਕਰਾਂ**
**ਤੂੰ ਪਰੀਆਂ ਤੋਂ ਵੱਧ ਸੋਹਣੀ ਏ**
**ਮੈਂ ਜੱਗ ਤੇ ਲੱਖਾਂ ਵੇਖੀਆਂ ਨੇ**
**ਨਾ ਤੇਰੇ ਵਰਗੀ ਕੋਈ ਹੋਣੀ ਏ। "**

ਉਹ ਉਸਨੂੰ ਦੇਖ ਕੇ ਅੱਗੇ ਤੁਰ ਗਿਆ ਤੇ ਅਗਲੇ ਅੱਡੇ ਤੇ ਜਾ ਕੇ ਖੜ੍ਹ ਗਿਆ ਕੁਝ ਹੀ ਸਮੇਂ ਬਾਅਦ ਉਹ ਮੋਟਰ ਸਾਇਕਲ ਤੇ ਆਏ। ਪ੍ਰੀਤ ਨੇ ਉਸਨੂੰ ਫਿਰ ਤੋਂ ਤੱਕਿਆ ਤੇ ਦੇਖਦੀ ਹੋਈ ਅਗਾਂਹ ਨਿਕਲ ਗਈ।

ਉਹ ਥੋੜ੍ਹਾ ਜਿਹਾ ਉਦਾਸ ਸੀ ਕਿਉਂਕਿ ਪ੍ਰੀਤ ਉਸ ਤੋਂ ਵੱਖ ਹੋ ਗਈ ਸੀ। ਇਕ ਇਕ ਦਿਨ ਉਸਨੂੰ ਇਕ ਦਿਨ ਮਹੀਨੇ ਵਾਂਗ ਲੱਗਦਾ ਸੀ ਉਹ ਵਾਪਿਸ ਦੁਕਾਨ ਤੇ ਆ ਗਿਆ ਅਤੇ ਆਪਣੇ ਆਪ ਸੋਚਦਾ ਗੁਣਗੁਣਾਉਂਦਿਆਂ ਇਉਂ ਉਚਾਰਨ ਲੱਗਾ।

**" ਕਦੇ ਸੋਚਦਾ ਹਾਂ ਕਿ**
**ਵਿਛੋੜੇ ਦੀ ਘੜੀ ਕਿਸ ਤਰ੍ਹਾਂ ਦੀ ਹੋਵੇਗੀ**
**ਜਿਨ੍ਹਾਂ ਉਹ ਆਪਣੇ ਹੱਥਾਂ 'ਤੇ**
**ਕਦੇ ਉਹ ਮੇਰੇ ਨਾਮ ਦਾ ਲਾਲ ਸੂਹਾ ਰੰਗ ਚੜਾਉਂਦੀ ਸੀ**
**ਉਨ੍ਹਾਂ ਹੱਥ ਤੇ ਉਹ ਕਿਸ ਤਰ੍ਹਾਂ ਕਿਸੇ ਦੇ ਨਾਂ ਦੀ ਮੋਹਰ ਲਾ ਸਕੇਗੀ।**
**ਉਹ ਵਿਛੋੜੇ ਦੀ ਘੜੀ ਕਿਸ ਤਰ੍ਹਾਂ ਦੀ ਹੋਵੇਗੀ**
**ਕੀ ਮੈਂ ਉਸਨੂੰ ਵਿਛੜਦੇ ਵੇਖ**
**ਆਪਣੇ ਆਪ 'ਚੋਂ ਉਸਦੇ ਪਿਆਰ ਨੂੰ ਵਹਾ ਦੇਵੇਗਾ**
**ਕੀ ਮੈਂ ਉਸਦੇ ਬੁਲ੍ਹਾਂ ਦੀ ਮੁਸਕਾਨ**
**ਉਸਦਾ ਵਿਛੋੜਾ ਸਹਿ ਪਾਵਾਂਗਾ**
**ਤੇ ਉਹ ਵਿਛੋੜੇ ਦੀ ਘੜੀ**
**ਲੱਖਾਂ ਗਿਲ੍ਹੇ ਲੱਖਾਂ ਸ਼ਿਕਵੇ ਮੇਰੇ ਅਰਮਾਨ**
**ਕਦੇ ਉਸ ਸੱਜਣ ਨਾਲ ਜੁੜੇ ਸੀ**
**ਜੋ ਮੈਨੂੰ ਆਪਣਾ ਰੱਬ ਕਹਿੰਦਾ ਸੀ**
**ਪਰ ਉਹ ਆਪਣੇ ਇਸ ਰੱਬ ਨੂੰ**
**ਕਿਸ ਤਰ੍ਹਾਂ ਛੱਡ ਕੇ ਜਾਵੇਗੀ**
**ਤੇ ਉਹ ਘੜੀ ਕਿਸ ਤਰ੍ਹਾਂ ਦੀ ਹੋਵੇਗੀ**
**ਸ਼ਾਇਦ ਉਸ ਰਾਤ ਚੰਨ ਚੜ੍ਹਨਾ ਭੁੱਲ ਜਾਵੇਗਾ**
**ਜਾਂ ਅੰਬਰਾਂ ਵਿਚ ਤਾਰੇ ਨਹੀਂ ਹੋਣਗੇ**
**ਜਾ ਮੇਰੇ ਅੰਦਰ ਸਾਹ ਨਹੀਂ ਹੋਣਗੇ**
**ਮੈਂ ਉਸ ਤੋਂ ਵਿਛੜਕੇ**
**ਆਪਣੇ ਆਪ ਨੂੰ ਮਰ ਗਿਆ ਮਹਿਸੂਸ ਕਰਾਂਗਾ**
**ਕਿਉਂਕਿ ਮੇਰੀ ਜਾਨ ਤਾਂ ਮੈਥੋਂ ਚਲੀ ਜਾਵੇਗੀ**

**ਪਰ ਜਿਸਮ ਰੂਪੀ ਬੁੱਤ ਮੇਰੇ ਕੋਲ਼ ਹੋਵੇਗਾ**
**ਇਹ ਵਿਛੋੜੇ ਦੀ ਘੜੀ ਬੜੀ ਮਨਹੂਸ ਹੋਵੇਗੀ। "**

ਇਹ ਸੋਚ ਉਸ ਦੀ ਅੱਖ ਭਰ ਆਈ ਉਹ ਫਿਰ ਥੋੜ੍ਹਾ ਜਿਹਾ ਦਿਲਾਸਾ ਦੇ ਆਪਣੇ ਆਪ ਨੂੰ ਕਹਿੰਦਾ ਹੈ, ਕਿ ਮੈਂ ਇਹ ਸਭ ਕਿਉਂ ਸੋਚਦਾ ਹਾਂ ਪ੍ਰੀਤ ਮੇਰੇ ਤੋਂ ਵੱਖ ਕਿਵੇਂ ਹੋ ਸਕਦੀ ਐ। ਉਹ ਤਾਂ ਮੈਨੂੰ ਕਿੰਨਾ ਪਿਆਰ ਕਰਦੀ ਐ। ਉਸਦਾ ਸਾਰਾ ਦਿਨ ਪ੍ਰੀਤ ਤੋਂ ਬਿਨਾਂ ਆਪਣੇ ਆਪ ਨੂੰ ਕੋਸਦਾ ਸੋਚਦਾ, ਮੇਰੇ ਅੰਦਰ ਇਹੋ ਜਿਹੀ ਤਾਂਘ ਕਿਉਂ ਏ ਕਿ ਹਮੇਸ਼ਾ ਪ੍ਰੀਤ ਉਹਦੀਆਂ ਗੱਲਾਂ ਹੀ ਕਰਦਾ ਹਾਂ। ਪਰ ਉਸਨੂੰ ਡਰ ਰਹਿੰਦਾ ਪ੍ਰੀਤ ਅਗਲੇ ਦਿਨ ਹੀ ਵਿਆਹ 'ਚੋਂ ਆਪਣੇ ਘਰ ਵਾਪਸ ਆ ਗਈ। ਉਸ ਨੇ ਬਹੁਤ ਖੁਸ਼ੀ ਨਾਲ ਵਿਆਹ ਦੇਖਿਆ। ਬਹੁਤ ਨੱਚੀ ਇਹ ਸਭ ਗੱਲਾਂ ਆ ਉਸ ਨਾਲ ਸਾਂਝੀਆਂ ਕੀਤੀਆਂ, ਦੋਨਾਂ ਨੇ ਕਾਫ਼ੀ ਦੇਰ ਤੱਕ ਗੱਲਾਂ ਕੀਤੀਆਂ, ਕੁਝ ਹੀ ਦਿਨਾਂ ਬਾਆਦ ਪ੍ਰੀਤ ਦੇ ਛੋਟੇ ਚਾਚੇ ਦਾ ਵਿਆਹ ਸੀ। ਪ੍ਰੀਤ ਨੂੰ ਸਰਵ ਦੇ ਚਿੱਟੇ ਰੰਗ ਦੀ ਪਾਈ ਸ਼ਰਟ ਸਭ ਤੋਂ ਸੋਹਣੀ ਲੱਗਦੀ ਉਸਦੇ ਕਹਿਣ ਤੇ ਉਹ ਚਿੱਟੇ ਰੰਗ ਦੀਆਂ ਸ਼ਰਟਾਂ ਪਾਉਂਦਾ, ਪਰ ਉਸ ਦੀ ਮਾਂ ਉਸਨੂੰ ਚਿੱਟੇ ਕੱਪੜੇ ਪਾਉਣੋਂ ਰੋਕਦੀ ਆਖਦੀ ਕਿ ਤੂੰ ਚਿੱਟੇ ਕੱਪੜੇ ਲਿਆਉਂਦਾ ਏਂ ਤੇਰਾ ਕੰਮ ਮੋਟਰਾਂ ਦਾ ਐ ਜਲਦੀ ਹੀ ਖ਼ਰਾਬ ਕਰ ਦੇਂਦੈ ਕੱਪੜੇ ਧੋਣ ਨੂੰ ਕਿਹੜੀ ਤੇਰੀ ਰੰਨ ਬੈਠੀ ਐ, ਤਾਂ ਸਰਵ ਆਪਣੇ ਮਨ ਵਿੱਚ ਕਹਿੰਦਾ ਸਭ ਉਸ ਰੰਨ ਦੇ ਹੀ ਕਾਰੇ ਨੇ। ਉਹ ਪ੍ਰੀਤ ਨੂੰ ਖੁਸ਼ ਦੇਖਣਾ ਚਾਹੁੰਦਾ। ਇਸ ਲਈ ਘਰ ਕਿਸੇ ਦੀ ਗੱਲ ਨਾ ਸੁਣਦਾ, ਪ੍ਰੀਤ ਨੇ ਉਸਨੂੰ ਚਾਚੇ ਦੇ ਵਿਆਹ ਵਿੱਚ ਪਾਉਣ ਲਈ ਆਪ ਚਿੱਟੇ ਰੰਗ ਦਾ ਕੁੜਤਾ ਦਿੱਤਾ ਤੇ ਕਿਹਾ ਤੈਂ ਵਿਆਹ ਵਿੱਚ ਇਹ ਹੀ ਪਾਉਣੈ ਤਾਂ ਉਸਨੇ ਹਾਮੀ ਭਰਦਿਆਂ ਹਾਂ ਆਖ ਦਿੱਤੀ ਸੱਜਣਾਂ ਦੀ ਖੁਸ਼ੀ ਉਸ ਲਈ ਸਿਰ ਮੱਥੇ ਪੈਗ਼ਾਮ ਸੀ ਜੋ ਉਹ ਮੰਨਦਾ ਸੀ।

ਕੁਝ ਦਿਨਾਂ ਬਾਅਦ ਉਹ ਉਸ ਦੇ ਚਾਚੇ ਦੇ ਘਰ ਅੱਗੋਂ ਲੰਘਿਆ ਚਾਚੇ ਦਾ ਵਿਆਹ ਸੀ। ਡੀ.ਜੇ ਤੇ ਗਾਣੇ ਉੱਤੇ ਪ੍ਰੀਤ ਕੁੜੀਆਂ ਨਾਲ ਨੱਚ ਰਹੀ ਸੀ। ਕਿਉਂਕਿ ਉਸਨੂੰ ਨੱਚਣ ਦਾ ਬਹੁਤ ਸ਼ੌਕ ਸੀ। ਉਸਨੇ ਉਹਨੂੰ ਵੇਖਿਆ ਉਸ ਦੇ ਮਨ 'ਚ ਖਿਆਲ ਆਇਆ ਕਾਸ਼! ਅੱਜ ਪ੍ਰੀਤ ਦੇ ਪੈਰਾਂ ਵਿਚ ਮੇਰੀਆਂ ਦਿਤੀਆਂ ਹੋਈਆਂ ਝਾਂਜਰਾਂ ਹੁੰਦੀਆਂ ਜੋ ਉਸ ਦਿਨ ਮੈਂ ਨਾ ਦੇ ਸਕਿਆ ਮੇਰੇ ਜਨਮ ਦਿਨ ਵਾਲੇ ਦਿਨ ਉਸਨੂੰ ਅਫਸੋਸ ਸੀ ਕਿ ਜੇ ਪ੍ਰੀਤ ਦੀ ਦਾਦੀ ਉਸ ਦਿਨ ਨਾ ਜਾਗਦੀ ਤਾਂ ਉਸਦੇ ਪੈਰਾਂ ਵਿੱਚ ਮੇਰੀਆਂ ਝਾਂਜਰਾਂ ਹੁੰਦੀਆਂ ਤਾਂ ਮੇਰੀ ਪ੍ਰੀਤ ਨੇ ਪੂਰੀ ਖੁਸ਼ੀ ਨਾਲ ਨੱਚਣਾ ਸੀ..

ਸ਼ਾਮ ਨੂੰ ਸਰਵ ਦੇ ਘਰ ਪ੍ਰੀਤ ਦੇ ਘਰ ਦੇ ਬਰਾਤ ਲਈ ਕਹਿ ਗਏ, ਚਾਚੇ ਦੇ ਘਰ ਪਤਾ ਨਹੀਂ ਸੀ, ਕਿ ਸਰਵ ਤੇ ਪ੍ਰੀਤ ਇੱਕ ਦੂਜੇ ਨੂੰ ਪਿਆਰ ਕਰਦੇ ਨੇ

ਕਿਉਂਕਿ ਉਹਨਾਂ ਦਾ ਘਰ ਪ੍ਰੀਤ ਦੇ ਘਰ ਨਾਲੋਂ ਕਾਫ਼ੀ ਦੂਰ ਸੀ। ਉਸਨੂੰ ਚਾਅ ਜਿਹਾ ਚੜ੍ਹ ਗਿਆ ਕਿ ਕੱਲ੍ਹ ਨੂੰ ਫਿਰ ਮੈਂ ਪ੍ਰੀਤ ਦੇ ਅੰਗ ਸੰਗ ਹੋਵਾਂਗਾ, ਪਰ ਜਦੋਂ ਸਵੇਰ ਹੋਈ ਉਸਨੇ ਬਰਾਤ ਬਾਰੇ ਕਿਹਾ ਉਸਦੀ ਮੰਮੀ ਨੇ ਇਨਕਾਰ ਕਰ ਦਿਤਾ ਤੇ ਕਿਹਾ ਪੁੱਤ ਪ੍ਰੀਤ ਦੀ ਮੰਮੀ ਕਹਿ ਕੇ ਗਈ ਏ ਤੁਸੀਂ ਮੁੰਡੇ ਨੂੰ ਬਰਾਤ ਨਾ ਜਾਣ ਦਿਓ ਕਿਉਂਕਿ ਉਥੇ ਪ੍ਰੀਤ ਦੇ ਪਾਪਾ ਹੋਣਗੇ ਉਹ ਲੜ ਨਾ ਪੈਣ ਪਰ ਸਰਵ ਨੇ ਆਪਣੀ ਮਾਂ ਦੀ ਇੱਕ ਨਾ ਸੁਣੀ ਤੇ ਕਿਹਾ ਮੈਂ ਤਾਂ ਜਾਣਾ ਏ ਬੱਸ ਜਾਣਾ ਏ। ਉਸ ਦੀ ਜ਼ਿੱਦ ਅੱਗੇ ਮਾਂ ਦੀ ਇੱਕ ਨਾ ਚੱਲੀ ਆਖ਼ਰ ਉਸਨੇ ਉਹਨੂੰ ਉਹਦੇ ਭਰਾ ਦੀ ਸਹੁੰ ਖੁਆ ਸ਼ਰਾਬ ਨਹੀਂ ਪੀਣ ਲਈ ਕਹਿ ਤੋਰ ਦਿੱਤਾ। " ਮਾਂ ਤੂੰ ਬੇਫ਼ਿਕਰ ਰਹਿ ਕਹਿਕੇ ਉਹ ਤਿਆਰ ਹੋ ਗਿਆ ਉਹ ਪ੍ਰੀਤ ਵਾਲ਼ਾ ਕੁੜਤਾ ਪਜ਼ਾਮਾ ਪਾ ਲੈਂਦਾ, ਫਿਰ ਉਸਦੇ ਮਨ ਵਿੱਚ ਖ਼ਿਆਲ ਆਇਆ ਕਿ ਮੈਂ 'ਕੱਲਾ ਕੁੜਤਾ ਪਜਾਮਾ ਪਾਉਂਦਾ ਚੰਗਾ ਨਹੀਂ ਲੱਗਣਾ ਤੇ ਪ੍ਰੀਤ ਦੇ ਘਰ ਦੇ ਮੇਰੇ ਵੱਲ ਵੇਖੀਂ ਜਾਣਗੇ ਤਾਂ ਇਹ ਸੋਚ ਉਸਨੇ ਹੋਰ ਕੱਪੜੇ ਪਾ ਲਏ । ਪਿੰਡ ਦੇ ਹੋਰ ਮੁੰਡਿਆਂ 'ਚ ਰਲ਼ ਮਿਲ ਤੇ ਉਹ ਚੋਰੀ-ਚੋਰੀ ਪ੍ਰੀਤ ਵੱਲ਼ ਤੱਕਦਾ ਰਿਹਾ ਉਸਦੇ ਯਾਰ ਦੋਸਤ ਨੂੰ ਪ੍ਰੀਤ ਵਾਰੇ ਆਖ਼ ਲੁਭਾਉਂਦੇ ਰਹੇ। ਤੇਰੀ ਪ੍ਰੀਤ ਬਹੁਤ ਸੋਹਣੀ ਏ ਪ੍ਰੀਤ ਦੇ ਪਾਏ ਕੱਪੜੇ ਬਹੁਤ ਸੋਹਣੇ ਲੱਗ ਰਹੇ ਸਨ ਉਹ ਪੈਲੇਸ ਵਿਚ ਚਲੇ ਗਏ ਵਿਆਹ ਬਹੁਤ ਵਧੀਆ ਤਰੀਕੇ ਨਾਲ ਦੇਖਿਆ ਉਹ ਬੈਠਾ ਪ੍ਰੀਤ ਨੂੰ ਵੇਖ ਰਿਹਾ ਸੀ। ਇਹ ਪਲ਼ ਉਸ ਲਈ ਬਹੁਤ ਹੀ ਖ਼ਾਸ ਸਨ। ਕਿਉਂਕਿ ਉਹ ਸਾਰਾ ਦਿਨ ਉਸਦੇ ਸਾਹਮਣੇ ਰਿਹਾ। ਸ਼ਾਮ ਨੂੰ ਵਿਦਾ ਹੋਜਦੋਂ ਉਹ ਘਰ ਪਹੁੰਚੇ ਤਾਂ ਪ੍ਰੀਤ ਨੇ ਉਸਨੂੰ ਫ਼ੋਨ ਤੇ ਪੁਛਿਆ ਕਿ ਮੇਰਾ ਦਿਤਾ ਕੁੜਤਾ ਪਜਾਮਾ ਕਿਉਂ ਨਹੀਂ ਪਾਇਆ ਤਾਂ ਉਸਨੇ ਆਖਿਆ ਕਿ ਤੇਰੇ ਜਨਮ ਦਿਨ ਵਾਲੇ ਦਿਨ ਜ਼ਰੂਰ ਪਾਵਾਂਗਾ।

ਸਧਰਾਂ ਦੀ ਵੇਲ ਤੇ ਹੁਣ ਨਿੱਤ ਨਵੇਂ ਨਵੇਂ ਫੁੱਲ ਉੱਗ ਰਹੇ ਸਨ। ਪਿਆਰ ਦਾ ਸਫ਼ਰ ਬੜੀ ਹੌਲੀ ਚਲ ਰਿਹਾ ਸੀ ਕੁਝ ਦਿਨ ਬੀਤੇ ਪਿਆਰ ਦਾ ਮੌਸਮ ਆਪਣਾ ਰੰਗ ਬਦਲ ਗਿਆ ਕੁਝ ਦਿਨਾਂ ਬਾਅਦ ਪ੍ਰੀਤ ਨੇ ਫ਼ੋਨ ਕੀਤਾ ਤਾਂ ਉਸਨੇ ਕਿਹਾ ਅੱਜ ਕੀ ਲੋੜ ਸੀ। ਇਹ ਸੁਣ ਉਹ ਰੋਣ ਲੱਗੀ ਤੇ ਕਹਿਣ ਲੱਗੀ ਮੈਨੂੰ ਟਾਇਮ ਨਹੀਂ ਲੱਗਿਆ ਤੇ ਫ਼ੋਨ ਵੀ ਖ਼ਰਾਬ ਸੀ, ਅੱਜ ਹੀ ਠੀਕ ਹੋਇਐ ਉਸਦੀ ਬੈਟਰੀ ਖ਼ਤਮ ਹੋ ਗਈ ਸੀ ਇਸ ਕਰਕੇ ਤੈਨੂੰ ਫ਼ੋਨ ਨਾ ਕਰ ਸਕੀ, ਮੈਂ ਤੇਰੇ ਨਾਲ ਗੁੱਸੇ ਨਹੀਂ।" ਸਰਵ ਨੂੰ ਪਤਾ ਨਹੀਂ ਕਿਸ ਗੱਲ ਦਾ ਗੁੱਸਾ ਸੀ ਉਹ ਪ੍ਰੀਤ ਨੂੰ ਪੁੱਠਾ ਬੋਲੀਂ ਗਿਆ ਅੱਗੋਂ ਪ੍ਰੀਤ ਨੇ ਕਿਹਾ ਮੇਰਾ ਕੱਲ੍ਹ ਨੂੰ ਜਨਮ ਦਿਨ ਹੈ " ਸਰਵ ਨੇ ਗੁੱਸੇ ਵਿੱਚ ਜਵਾਬ ਦਿੱਤਾ " ਮੈਨੂੰ ਕੋਈ ਚੱਕਰ ਨੀ ਤੇਰੇ ਜਨਮ ਦਿਨ" ਦਾ ਤੇ ਫ਼ੋਨ ਕੱਟ ਦਿੱਤਾ। ਪ੍ਰੀਤ ਉੱਚੀ-ਉੱਚੀ ਰੋਣ

ਲੱਗ ਪਈ। ਬਲਜੀਤ ਨੇ ਸੁਣ ਲਿਆ ਤੇ ਪ੍ਰੀਤ ਕੋਲ ਆ ਗਈ ਤੇ ਪੁੱਛਿਆ ਕਿਉਂ ਰੋ ਰਹੀ ਏਂ ਤਾਂ ਉਹ ਕੁਝ ਨਾ ਬੋਲੀ ਤੇ ਉਸ ਦੀ ਮਾਂ ਨੂੰ ਸ਼ੱਕ ਹੋ ਗਿਆ ਤੇ ਕਮਰੇ ਦੀ ਤਲਾਸ਼ੀ ਕਰਨ ਲੱਗੀ ਪ੍ਰੀਤ ਕੋਲੋ ਫ਼ੋਨ ਮਿਲ ਗਿਆ ਉਸਨੂੰ ਉਹਨੇ ਬੁਰਾ ਭਲਾ ਆਖ਼ ਥੱਪੜ ਜੜ੍ਹ ਦਿੱਤੇ। ਪ੍ਰੰਤੂ ਸਰਵ ਨੂੰ ਇਸ ਬਾਰੇ ਕੋਈ ਪਤਾ ਨਹੀਂ ਸੀ ਕਿ ਪ੍ਰੀਤ ਦਾ ਫ਼ੋਨ ਫੜ੍ਹ ਲਿਆ ਗਿਆ। ਉਹ ਗੁੱਸੇ ਵਿੱਚ ਜ਼ਰੂਰ ਸੀ ਪਰ ਉਸਦਾ ਜਨਮ ਦਿਨ ਨਹੀਂ ਭੁੱਲਿਆ ਸੀ। ਜਿਸ ਦਿਨ ਪ੍ਰੀਤ ਦਾ ਜਨਮ ਦਿਨ ਸੀ, ਉਸਨੇ ਆਪਣੇ ਦੋਸਤਾਂ ਨਾਲ ਰਲ਼ਕੇ ਪੈਸੇ ਇਕੱਠੇ ਕਰ ਲਏ ਤੇ ਉਸਦੇ ਜਨਮ ਦਿਨ ਦੀ ਖੁਸ਼ੀ 'ਚ ਮਿੱਠੇ ਪਾਣੀ ਦੀ ਛਬੀਲ ਲਾਈ। ਸਾਰਾ ਦਿਨ ਬੀਤ ਗਿਆ ਉਹ ਪ੍ਰੀਤ ਨੂੰ ਫ਼ੋਨ ਲਗਾਉਂਦਾ ਰਿਹਾ ਪਰ ਪ੍ਰੀਤ ਦਾ ਫ਼ੋਨ ਬੰਦ ਸੀ। ਸਰਵ ਪ੍ਰੀਤ ਲਈ ਸ਼ਹਿਰ ਤੋਂ ਚਾਂਦੀ ਦੀਆਂ ਵਾਲੀਆਂ ਲੈ ਕੇ ਆਇਆ। ਉਸ ਨੇ ਚਿੱਟੇ ਕੱਪੜੇ ਪਾਏ ਸਨ ਕਿਉਂਕਿ ਉਸਨੇ ਪ੍ਰੀਤ ਨਾਲ ਵਾਅਦਾ ਕੀਤਾ ਸੀ, ਉਹ ਉਸਦੇ ਘਰ ਵੱਲ ਵੇਖਦਾ ਰਿਹਾ ਤੇ ਕੁੜ੍ਹਦਾ ਰਿਹਾ ਤੇ ਉਸਨੇ ਉਹਨੂੰ ਫ਼ੋਨ ਕਿਉਂ ਨਹੀਂ ਕੀਤਾ। ਆਖ਼ਰ ਉਹ ਗੁੱਸੇ ਵਿੱਚ ਘਰ ਚਲਾ ਗਿਆ ਤੇ ਕੱਪੜੇ ਬਦਲ ਕੇ ਫਿਰ ਤੋਂ ਦੁਕਾਨ ਤੇ ਆ ਗਿਆ ਸ਼ਾਮ ਨੂੰ ਉਸਨੇ ਫਿਰ ਫ਼ੋਨ ਕੀਤਾ ਤਾਂ ਬਲਜੀਤ ਨੇ ਚੁੱਕ ਲਿਆ ਤੇ ਅੱਗੋਂ ਆਖਿਆ " ਕੌਣ ਚਾਹੀਦਾ ਏ" ਸਰਵ ਨੇ ਕਿਹਾ "ਪ੍ਰੀਤ ਨਾਲ ਗੱਲ ਕਰਨੀ ਏ।"

ਉਸਦੇ ਦਿਲ ਵਿੱਚ ਕੋਈ ਡਰ ਨਹੀਂ ਸੀ, ਪ੍ਰੀਤ ਦੀ ਮਾਂ ਨੇ ਪੁੱਛਿਆ " ਵੇ ਇਹ ਤੇਰੀ ਕੀ ਲੱਗਦੀ ਐ ਤਾਂ ਉਸਨੇ ਕਿਹਾ ਮੇਰਾ ਸਭ ਕੁਝ ਹੈ" ਬਲਜੀਤ ਨੇ ਫ਼ੋਨ ਪ੍ਰੀਤ ਦੀ ਮਾਸੀ ਦੀ ਕੁੜੀ ਨੂੰ ਫੜ੍ਹਾ ਦਿਤਾ, ਉਸ ਨੇ ਕਿਹਾ "ਮੈਂ ਪ੍ਰੀਤ ਦੀ ਮਾਸੀ ਦੀ ਕੁੜੀ ਬੋਲ ਰਹੀ ਹਾਂ, ਸਰਵ ਤੇਰੇ ਲਈ ਸਭ ਠੀਕ ਨਹੀਂ ਤੂੰ ਜੋ ਵੀ ਕਰ ਰਿਹਾ ਏਂ ਉਹ ਚੰਗਾ ਨਹੀਂ।" ਉਸਨੇ ਮੋੜਵਾਂ ਜਵਾਬ ਦਿੰਦਿਆਂ ਕਿਹਾ "ਕਿ ਇਸ ਵਿੱਚ ਮਾੜਾ ਵੀ ਕੀ ਐ, ਮੈਂ ਪਿਆਰ ਹੀ ਕੀਤਾ ਏ ਕੋਈ ਗੁਨਾਹ ਤਾਂ ਨਹੀਂ ਕੀਤਾ।" ਬਲਜੀਤ ਖੜ੍ਹੀ ਉਸਨੂੰ ਬਹੁਤ ਕੁਝ ਕਹਿ ਰਹੀ ਸੀ। ਪ੍ਰੀਤ ਸਭ ਕੁਝ ਸੁਣ ਰਹੀ ਸੀ ਉਹ ਆਪਣੀ ਮਾਂ ਨੂੰ ਕਹਿ ਰਹੀ ਸੀ, "ਤੁਸੀਂ ਉਸਨੂੰ ਇਹ ਸਭ ਨਾ ਕਹੋ, ਉਸ ਦਾ ਕੋਈ ਦੋਸ਼ ਨਹੀਂ।" ਉਧਰ ਉਸਨੂੰ ਇਹ ਸਭ ਫ਼ੋਨ ਵਿੱਚ ਸੁਣ ਰਿਹਾ ਸੀ ਉਸਨੂੰ ਆਪਣੇ ਪਿਆਰ ਤੇ ਮਾਣ ਜਿਹਾ ਹੋਇਆ, ਅੱਜ ਵੀ ਪ੍ਰੀਤ ਮੇਰੇ ਲਈ ਸਾਰੇ ਤੂਫ਼ਾਨ ਇਕੱਲਿਆਂ ਹੀ ਆਪਣੇ ਤੇ ਝੱਲ਼ ਰਹੀ ਐ ਤੇ ਉਸਨੂੰ ਪਿੱਛੇ ਲੁਕਾ ਬਚਾਉਣ ਦੀ ਕੋਸ਼ਿਸ਼ ਕਰ ਰਹੀ ਏ ਕਿਉਂਕਿ ਉਸਨੂੰ ਕਿਹਾ ਗਿਆ ਹਰ ਸ਼ਬਦ ਪ੍ਰੀਤ ਲਈ ਉਸਦੇ ਪਿਆਰ ਦਾ ਅਪਮਾਣ ਸੀ। ਉਸਨੇ ਉਹਦੀ ਆਵਾਜ਼ ਸੁਣ ਫ਼ੋਨ ਕੱਟ ਦਿੱਤਾ ਤੇ ਪ੍ਰੀਤ ਕਦੇ ਨਹੀਂ ਚਾਹੁੰਦੀ ਸੀ ਉਹ ਭਾਵੇਂ ਕਿੰਨੀ ਵੀ ਸਰਵ ਨਾਲ ਲੜ ਪਵੇ ਪਰ ਉਹ ਕਦੇ ਵੀ ਉਸਦਾ ਬੁਰਾ ਨਹੀਂ

ਸੁਣ ਸਕਦੀ ਸੀ ਉਹ ਵੀ ਉਸ ਨੂੰ ਖੋ ਨਹੀਂ ਸਕਦਾ ਸੀ, ਬੱਸ ਜ਼ਮਾਨੇ ਵਿੱਚ ਪ੍ਰੀਤ ਤੇ ਪ੍ਰੀਤ ਦਾ ਸਰਵ ਸੀ, ਹੋਰ ਸਾਰੇ ਰਿਸ਼ਤੇ ਉਨ੍ਹਾਂ ਲਈ ਗੈਰ ਹੋ ਗਏ ਸਨ। ਬਲਜੀਤ ਇਹ ਸੋਚਦੀ ਜੇ ਸਰਵ ਨੇ ਪ੍ਰੀਤ ਦਾ ਸਾਥ ਨਾ ਛੱਡਿਆ ਤਾਂ ਬਹੁਤ ਬੁਰਾ ਹੋਣਾ ਏ ਭਾਵੇਂ ਅੱਜ ਸਮਾਂ ਬਦਲ ਗਿਆ ਸੀ ਪਰ ਹਾਲੇ ਵੀ ਪਿੰਡਾਂ ਵਿੱਚ ਆਪਣੇ ਹੀ ਪਿੰਡ ਵਿਆਹ ਨਹੀਂ ਕਰਦੇ। ਉਨ੍ਹਾਂ ਲਈ ਇਹ ਸਾਰੀ ਉਮਰ ਦਾ ਇਕ ਦਾਗ਼ ਸੀ। ਪਰ ਉਹ ਮਜਬੂਰ ਸਨ ਬਲਜੀਤ ਇਹ ਸਭ ਗੱਲਾਂ ਆਪਣੇ ਦਿਲ ਵਿੱਚ ਸਮਾ ਲੈਂਦੀ। ਕਦੇ ਵੀ ਜੱਗੇ ਨੂੰ ਕੁਝ ਨਹੀਂ ਦੱਸਦੀ ਕਿਉਂਕਿ ਉਹ ਜਾਣਦੀ ਸੀ ਇਹ ਸਭ ਦੱਸਣ ਨਾਲ ਦੋ ਘਰ ਖ਼ਤਮ ਹੋ ਜਾਣਗੇ ਪਰ ਉਹ ਕਰੇ ਵੀ ਕੀ ਕਰੇ ! ਉਹ ਮਜ਼ਬੂਰ ਸੀ ਉਸ ਮਾਂ ਦੀ ਕੁੱਖ ਆਪਣੇ ਆਪ ਨੂੰ ਮੇਹਣੇ ਮਾਰ ਰਹੀ ਸੀ ਕਿ ਪ੍ਰੀਤ ਨੂੰ ਜੰਮਣ ਤੋਂ ਪਹਿਲਾਂ ਮਾਰ ਕਿਉਂ ਨਹੀਂ ਦਿੱਤਾ ਫੇਰ ਇਹ ਗੱਲ ਟਲ਼ ਗਈ। ਉਸਨੇ ਪ੍ਰੀਤ ਦੀਆਂ ਵਾਲੀਆਂ ਤੇ ਨਵਾਂ ਫ਼ੋਨ ਉਸੀ ਰਾਤ ਉਸੇ ਜਗ੍ਹਾ ਤੇ ਰੱਖ ਦਿੱਤਾ ਜਿੱਥੇ ਉਹ ਪਹਿਲਾਂ ਸਾਮਾਨ ਰੱਖਦਾ ਸੀ ਤੇ ਪ੍ਰੀਤ ਨੇ ਸਾਰਾ ਕੁਝ ਚੱਕ ਕੇ ਸੰਭਾਲ ਸਰਵ ਨੂੰ ਸਵੇਰੇ ਫ਼ੋਨ ਕੀਤਾ ਤੇ ਜੋ ਹੋਇਆ ਦੱਸਿਆ। ਉਹ ਰੋ ਰਹੀ ਸੀ ਹੁਣ ਤਾਂ ਉਸ ਦੀਆਂ ਅੱਖਾਂ ਨੂੰ ਰੋਣ ਦੀ ਆਦਤ ਪੈ ਗਈ ਸੀ, ਉਹ ਸਰਵ ਨੂੰ ਕਹਿੰਦੀ ਮੇਰੀਆਂ ਅੱਖਾਂ ਨੂੰ ਅੱਥਰੂਆਂ ਨਾਲ ਪਿਆਰ ਹੋ ਗਿਆ ਏ, ਬਸ ਵਗਦੇ ਰਹਿੰਦੇ ਨੇ ਸਰਵ ਤੂੰ ਮੇਰੇ ਨਾਲ ਗੁੱਸੇ ਨਾ ਹੋਇਆ ਕਰ ਇਹ ਹੀ ਕਾਰਨ ਹੈ। ਅੱਜ ਮੇਰੀ ਮੰਮੀ ਤੇਰੇ ਘਰ ਆਉਗੀ ਤੂੰ ਘਰ ਹੀ ਰਹਿਣਾ ਤੇ ਉਹ ਘਰੇ ਹੀ ਰਿਹਾ। ਬਲਜੀਤ ਸਰਵ ਦੇ ਘਰ ਦੁਪਹਿਰ ਵੇਲੇ ਆਈ ਉਹ ਸੁੱਤਾ ਪਿਆ ਸੀ ਤੇ ਬਲਜੀਤ ਨੇ ਉਸਨੂੰ ਜਗਾਇਆ ਤੇ ਕਿਹਾ, ਹਾਂ ਸਰਵ ਦੱਸ ਕੀ ਗੱਲ ਏ ਸਰਵ ਦੀ ਮਾਂ ਕੋਲ਼ ਬੈਠੀ ਸੀ ਤੇ ਉਹ ਬੋਲਿਆ ਮਾਸੀ ਮੈਂ ਪ੍ਰੀਤ ਬਿਨਾਂ ਨਹੀਂ ਰਹਿ ਸਕਦਾ। ਜੇ ਤਹਾਨੂੰ ਆਪਣੀ ਬੇਇੱਜ਼ਤੀ ਦਾ ਡਰ ਏ ਤਾਂ ਤੁਸੀਂ ਪ੍ਰੀਤ ਨੂੰ ਆਈ ਲੈਟ ਕਰਵਾ ਦਿਓ ਤੇ ਉਸਦੇ ਵਿਦੇਸ਼ ਜਾਣ ਦਾ ਸਾਰਾ ਖਰਚਾ ਮੈਂ ਕਰਾਂਗਾ ਪਰ ਬਲਜੀਤ ਨਾ ਮੰਨੀ ਕਹਿਣ ਲੱਗੀ ਕੀ ਗੱਲ ਕਦੇ ਲੁਕੀ ਰਹਿੰਦੀ ਏ।

ਸਭ ਨੂੰ ਪਤਾ ਲੱਗ ਜਾਣਾ ਏ, ਲੋਕ ਸਾਨੂੰ ਤਾਨ੍ਹੇ ਮਾਰ-ਮਾਰ ਕਿ ਮਾਰ ਦੇਣਗੇ ਪੁੱਤ ਤੂੰ ਸਿਆਣਾ ਬਣ ਕਿਉਂ ਤੂੰ ਸਾਡੀ ਇੱਜ਼ਤ ਨੂੰ ਸ਼ਰੇਆਮ ਲੋਕਾਂ ਵਿੱਚ ਨਿਲਾਮ ਕਰ ਰਿਹਾ ਏਂ ਤਾਂ ਉਸ ਨੇ ਜਵਾਬ ਦਿੱਤਾ ਮੈਂ ਕੁਝ ਨਹੀਂ ਕਰ ਰਿਹਾ ਜੋ ਕੁਝ ਕਰ ਰਹੇ ਓਂ ਸਭ ਤੁਸੀਂ ਕਰ ਰਹੇ ਓ ਮੈਨੂੰ ਤੇ ਮੇਰੀ ਪ੍ਰੀਤ ਨੂੰ ਵੱਖ ਕਰ ਰਹੇ ਹੋ ਇਸ ਨਾਲੋਂ ਤਾਂ ਸਾਨੂੰ ਦੋਵਾਂ ਨੂੰ ਮਾਰ ਦਿਓ ਤਾਂ ਬਲਜੀਤ ਨੇ ਕਿਹਾ ਮਾਰਨ ਨਾਲ ਤਾਂ ਸਾਡੀ ਬੇਇੱਜ਼ਤੀ ਹੋਰ ਵੀ ਹੋਣੀ ਏ ਜੇ ਮਰਨਾ ਹੀ ਏ ਤਾਂ ਇੱਕ ਦੂਜੇ ਤੋਂ ਅੱਗੇ ਪਿੱਛੇ ਮਰ ਜਾਓ ਇਕੱਠੇ ਨਾ ਮਰੋ।

ਸੁਣ ਉਹ ਭਾਵੁਕ ਹੋ ਬੋਲਿਆ ਤੁਸੀਂ ਭਾਵੇਂ ਸਾਡੀ ਸੁਣੋ ਨਾ ਸੁਣੋ ਪਰ ਅਸੀਂ ਜ਼ਰੂਰ ਥੋਡੀ ਸੁਣਾਗੇ ਤੇ ਅਸੀਂ ਇਹ ਸੋਚਾਂਗੇ ਜੇ ਤੁਸੀਂ ਸਾਨੂੰ ਖੁਸ਼ ਦੇਖਣਾ ਨਹੀਂ ਚਾਹੁੰਦੇ ਤਾਂ ਮਾਸੀ ਤੁਹਾਡੀ ਖਆਇਸ਼ ਵੀ ਜ਼ਰੂਰ ਪੂਰੀ ਕਰ ਦਿਆਂਗੇ।

ਸੁਣ ਬਲਜੀਤ ਉਦਾਸ ਜਿਹੀ ਹੋ ਆਪਣੇ ਘਰ ਚਲੀ ਆਈ ਤੇ ਕਹਿਣ ਲੱਗੀ ਹੇ ਰੱਬਾ ਅੱਜ ਮੇਰੀ ਮਮਤਾ ਕਮਜ਼ੋਰ ਪੈ ਗਈ। ਉਸ ਤੋਂ ਬਾਅਦ ਪ੍ਰੀਤ ਨੇ ਸਰਵ ਨੂੰ ਫ਼ੋਨ ਕੀਤਾ ਉਸ ਨੇ ਕਿਹਾ ਕਿ ਪ੍ਰੀਤ ਤੂੰ ਵਿਆਹ ਕਰਵਾ ਲੈ ਮੈਂ ਤੇਰੀ ਮਾਂ ਨੂੰ ਐਨਾ ਦੁੱਖੀ ਨਹੀਂ ਦੇਖ ਸਕਦਾ ਕਿਉਂਕਿ ਆਪਾਂ ਉਹਨਾਂ ਨੂੰ ਦੁੱਖ ਦੇ ਕੇ ਸਾਰੀ ਉਮਰ ਸੁੱਖ ਨਹੀਂ ਪਾ ਸਕਦੇ। ਬੱਚੇ ਤਾਂ ਆਪਣੇ ਵੀ ਹੋਣਗੇ ਆਪਾਂ ਨੇ ਤਾਂ ਪਿਆਰ ਕਰਕੇ ਗ਼ਲਤੀ ਕੀਤੀ ਤੇ ਮਾਪਿਆਂ ਦਾ ਦਿਲ ਤੋੜਿਆ—ਪਤਾ ਨਹੀਂ ਆਪਣੇ ਬੱਚੇ ਕਿਹੋ ਜਿਹੀ ਗ਼ਲਤੀ ਕਰਨਗੇ ਜੋ ਆਪਾਂ ਨੂੰ ਮਨਜ਼ੂਰ ਨਹੀਂ ਹੋਵੇਗੀ.. ਉਸ ਸਮੇਂ ਆਪਣੇ ਮਾਪੇ ਸਾਨੂੰ ਜ਼ਰੂਰ ਯਾਦ ਆਉਣਗੇ ਨਾਲੇ ਪਿਆਰ ਦਾ ਮਤਲਬ ਪਾਉਣਾ ਜਾਂ ਕਿਸੇ ਨੂੰ ਹਾਸਿਲ ਕਰਨਾ ਨਹੀਂ ਸਗੋਂ ਪਿਆਰ ਤਾਂ ਦੂਰ ਹੋ ਕੇ ਵੀ ਕੀਤਾ ਜਾ ਸਕਦਾ ਏ।

ਸੁਣ ਪ੍ਰੀਤ ਜਵਾਬ ਵਿੱਚ ਬੋਲੀ "ਵਾਹ ਇਹ ਹੈ ਤੇਰਾ ਪਿਆਰ ਲੋਕ ਕਹਿੰਦੇ ਨੇ ਕੁੜੀ ਬਦਲ ਗਈ ਪਰ ਅੱਜ ਇੱਕ ਮੁੰਡਾ ਬਦਲ ਰਿਹਾ ਏ ਮੇਰੀ ਮਾਂ ਦੀਆਂ ਗੱਲਾਂ ਸੁਣ 3 ਸਾਲ ਦੇ ਵਾਅਦੇ ਭੁੱਲ ਗਿਆ। ਮੇਰੀ ਮਾਂ ਨੇ ਸਿਰਫ਼ ਤੇਰੇ ਨਾਲ 2 ਘੰਟੇ ਕੀ ਗੱਲਾਂ ਕੀਤੀਆਂ ਤੂੰ ਐਨੇ ਵਿੱਚ ਵਿੱਚ ਹੀ ਫ਼ਰਜਾਂ ਦੀ ਤੱਕੜੀ 'ਚ ਤੁੱਲ ਗਿਆ। ਇਹ ਹੀ ਗੱਲਾਂ ਮੈਨੂੰ ਮੇਰੀ ਮਾਂ ਉਸ ਦਿਨ ਤੋਂ ਕਹਿੰਦੀ ਆ ਰਹੀ ਐ ਮੈਂ ਤਾਂ ਬਦਲੀ ਨਹੀਂ ਹਰ ਰੋਜ਼ ਮੈਨੂੰ ਮੇਰੇ ਫ਼ਰਜ਼ ਯਾਦ ਕਰਵਾਉਂਦੀ ਐ ਮੇਰੀ ਮਾਂ, ਮੇਰਾ ਬਾਪ ਮੇਰੇ ਲਈ ਕੁਝ ਵੀ ਕਰ ਸਕਦੈ, ਫੇਰ ਵੀ ਮੈਂ ਤੇਰੇ ਨਾਲ ਹਾਂ, ਜਿਸ ਮਾਂ ਦੇ ਪਿਆਰ ਦੀ ਗੱਲ ਤੂੰ ਕਰਦਾ ਏਂ ਉਹ ਤਾਂ ਮੈਨੂੰ ਵੀ ਨਸੀਹਤਾਂ ਦੇਂਦੀ ਏ,ਪਰ ਮੈਂ ਤਾਂ ਬਦਲੀ ਨਹੀਂ।"

**" ਤੂੰ ਦੂਰ ਨਾ ਹੋਵੀਂ ਸਾਡੇ ਤੋਂ**
**ਤੇਰੇ ਅੱਗੇ ਤਰਲੇ ਪਾਉਂਦੇ ਆਂ**
**ਸਾਥੋਂ ਰਹਿ ਨਹੀਂ ਹੋਣਾ ਤੇਰੇ ਬਿਨ**
**ਤੈਨੂੰ ਵਾਰ ਵਾਰ ਸਮਝਾਉਂਦੇ ਆਂ**
**ਜਦ ਗੱਲ਼ ਸਾਡੀ ਤੂੰ ਸੁਣਦਾ ਨਈਂ**
**ਫੇਰ ਰੱਬ ਨੂੰ ਹਾਲ਼ ਸੁਣਾਉਂਦੇ ਆਂ**
**ਗ਼ਲਤੀ ਖ਼ੁਦ ਕਰਕੇ ਵੀ ਰੁੱਸਦਾ**
**ਅਸੀਂ ਫ਼ੇਰ ਵੀ ਯਾਰ ਮਨਾਉਂਦੇ ਆਂ। "**

ਉਹ ਫ਼ੋਨ ਕਰਦੀ ਰੋ ਰਹੀ ਸੀ ਉਸ ਦੀਆਂ ਸਿਸਕੀਆਂ ਫ਼ੋਨ ਵਿੱਚ ਸੁਣ ਰਹੀਆਂ ਸਨ। ਉਸ ਨੂੰ ਇਸ ਹਾਲਤ 'ਚ ਦੇਖ ਸਰਵ ਦੀਆਂ ਅੱਖਾਂ ਭਰ ਆਈਆਂ ਉਹ ਹੋਕੇ ਭਰਦਿਆਂ ਬੋਲਿਆ– "ਪ੍ਰੀਤ ਮੈਂ ਤੇਰੇ ਨਾਲ ਧੋਖਾ ਨਹੀਂ ਕਰ ਰਿਹਾ ਨਾ ਹੀ ਆਪਣੇ ਪਿਆਰ ਨੂੰ ਕੋਈ ਦਾਗ਼ ਲੱਗਣ ਦੇਵਾਂਗਾ। ਕਿਉਂਕਿ ਤੂੰ ਇਕ ਕੁੜੀ ਏਂ ਤੈਨੂੰ ਵਿਆਹ ਕਰਵਾਉਣਾ ਜ਼ਰੂਰੀ ਐ। ਹਾਂ ਮੈਂ ਤੇਰੇ ਲਈ ਸਾਰੀ ਜ਼ਿੰਦਗੀ ਵਿਆਹ ਨਹੀਂ ਕਰਵਾਗਾਂ ਇਹ ਮੇਰੇ ਸੱਚੇ ਪਿਆਰ ਦਾ ਸਬੂਤ ਹੋਵੇਗਾ ਮੈਂ ਸਾਰੀ ਜਿੰਦਗੀ ਤੇਰੀਆਂ ਯਾਦਾਂ ਸਹਾਰੇ ਜੀਅ ਲਵਾਂਗਾ। ਇਹ ਮੇਰੀ ਪ੍ਰੀਤ ਦਾ ਪ੍ਰਮਾਣ ਹੋਵੇਗਾ। ਤੂੰ ਗਲਤ ਨਾ ਸੋਚ।" ਉਧਰ ਪ੍ਰੀਤ ਨੇ ਹੋਕਿਆਂ ਭਰੇ ਲਹਿਜ਼ੇ ਵਿੱਚ ਨਾਲ ਮਰਨ ਦਾ ਵਾਸਤਾ ਪਾਇਆ।

" ਤੇਰੀ ਜੁਦਾਈ ਤੋਂ ਬਾਦ ਮੈਂ ਮਰਨਾ ਪਸੰਦ ਕਰਾਂਗੀ ਪਰ ਕਿਸੇ ਹੋਰ ਦੀ ਹੋਣਾ, ਨਹੀਂ ਕਦੇ ਵੀ ਨਹੀਂ, ਇਹ ਹੋ ਹੀ ਨਹੀਂ ਸਕਦਾ ਪਾਣੀ ਵਿਚ ਤਲਵਾਰ ਮਾਰਿਆਂ ਪਾਣੀ ਵੱਖ ਨਹੀਂ ਹੋ ਜਾਂਦਾ, ਜੇ ਇਹ ਹੀ ਗੱਲ਼ ਮੈਂ ਤੈਨੂੰ ਕਹਾਂ ਕੀ ਤੂੰ ਮੇਰੇ ਤੋਂ ਬਿਨਾਂ ਵਿਆਹ ਕਰਵਾ ਸਕਦਾ ਏ" ਸੁਣ ਉਹ ਚੁੱਪ ਹੋ ਗਿਆ ਤੇ ਫ਼ੋਨ ਕੱਟ ਦਿੱਤਾ। ਉਹਨਾਂ ਲਈ ਇਹ ਇਮਤਿਹਾਨ ਦੀ ਘੜੀ ਸੀ— ਇਸ ਵਿਚ ਸਭ ਤੋਂ ਵੱਧ ਦੁੱਖ ਪ੍ਰੀਤ ਨੂੰ ਦੇਖਣੇ ਪੈ ਰਹੇ ਸਨ, ਉਹ ਵੀ ਕੀ ਕਰ ਸਕਦਾ ਸੀ।

ਉਹ ਵੀ ਉਸਨੂੰ ਛੱਡ ਨਹੀਂ ਸਕਦਾ ਸੀ ਉਹਨਾਂ ਦੀ ਇਹ ਦਾਸਤਾਂ ਸੁਣ ਸ਼ਾਇਦ ਰੱਬ ਵੀ ਰੋਣ ਲੱਗ ਪਿਆ। ਉਸ ਦਿਨ ਐਨਾ ਮੀਂਹ ਵਰ੍ਹਿਆ ਉਸ ਨੂੰ ਲਗਿਆ ਜਿਵੇਂ ਉਨ੍ਹਾਂ ਦੀ ਮੁਹੱਬਤ ਉੱਤੇ ਰਬ ਵੀ ਨੈਣ ਵਹਾ ਰਿਹਾ ਹੋਵੇ। ਉਹਨਾਂ ਦੀਆਂ ਗੱਲ਼ਾਂ ਸੁਣ ਮੈਂ ਵੀ ਸੋਚਾਂ ਵਿਚ ਪੈ ਗਿਆ ਸਾਂ। ਸਰਵ ਮੈਨੂੰ ਦੱਸਦਾ ਦੱਸਦਾ ਚੁੱਪ ਹੋ ਗਿਆ ਤੇ ਬਾਹਰ ਵੱਲ਼ ਚਲਾ ਗਿਆ, ਮੈਂ ਵੇਖਿਆ ਉਹ ਦੁਕਾਨ ਦੇ ਅੱਗੇ ਖੜ੍ਹਾ ਰੁਮਾਲ ਨਾਲ ਆਪਣਾ ਮੂੰਹ ਸਾਫ਼ ਕਰਨ ਦੇ ਬਹਾਨੇ ਵਹਿੰਦੇ ਹੰਝੂਆਂ ਨੂੰ ਸਾਫ਼ ਕਰ ਰਿਹਾ ਸੀ ਤੇ ਮੈਂ ਉਸਨੂੰ ਹੌਸਲਾ ਦਿੱਤਾ ਤੇ ਅੱਗੇ ਦੱਸਣ ਲਈ ਕਿਹਾ ਸਰਵ ਨੇ ਕਿਹਾ

ਲ਼ਲ਼ਲ਼ਲ਼ਲ਼ਲ਼ਲ਼ਲ਼ਲ਼ਲ਼ਲ਼ਲ਼ਲ਼ਲ਼ਲ਼ਲ਼ਲ਼ਲ਼ਲ਼ਲ਼ਲ਼ਲ਼ਲ਼ਲ਼ਲ਼ਲ਼ਲ਼ਲ਼ਲ਼ਲ਼ਲ਼ਲ਼ਲ਼ਲ਼ਲ਼ਲ਼ ਲ਼ਲ਼ਲ਼ਲ਼ਲ਼ਲ਼

ਪ੍ਰੀਤ ਨੂੰ ਹਰ ਰੋਜ਼ ਕੁੱਟ ਮਾਰ ਪੈਣੀ ਸ਼ੁਰੂ ਹੋ ਗਈ। ਉਸਦੀ ਮਾਂ ਤੇ ਉਸ ਦੀ ਮਾਸੀ ਨੇ ਪ੍ਰੀਤ ਨੂੰ ਕਮਰੇ 'ਚ ਬੰਦ ਕਰਕੇ ਬਹੁਤ ਕੁੱਟਿਆ, ਕੁਟਦਿਆਂ ਉਸਨੂੰ ਕਹਿ ਰਹੀਆਂ ਸਨ ਜਾ ਬੁਲਾ ਲੈ ਤੇਰੇ ਯਾਰ ਨੂੰ ਕਿ ਤੈਨੂੰ ਬਚਾ ਲਵੇ। ਉਸਦੇ ਹਰ ਰੋਜ਼ ਕੁੱਟ ਪੈਂਦੀ, ਉਹ ਉਸਨੂੰ ਫ਼ੋਨ ਕਰਦੀ ਇਕੋ ਗੱਲ਼ ਕਹਿੰਦੀ ਮੈਨੂੰ ਲੈ ਜਾ ਪਰ ਉਹ ਹਾਂ ਕਹਿਕੇ ਅੱਗੋਂ ਕੋਈ ਗੱਲ ਨਾ ਕਰਦਾ। ਇਕ ਦਿਨ ਤਾਂ ਹੱਦ

ਹੀ ਹੋ ਗਈ, ਪ੍ਰੀਤ ਦੀ ਮਾਂ ਕੱਪੜੇ ਧੋ ਰਹੀ ਸੀ ਉਹਨਾਂ ਦੇ ਦਰਵਾਜ਼ੇ ਅੱਗੋਂ ਉਹ ਲੰਘਿਆ ਜਾ ਰਿਹਾ ਸੀ ਉਸਦੀ ਮਾਂ ਨੂੰ ਐਨਾ ਗੁੱਸਾ ਆਇਆ ਉਹ ਕੱਪੜੇ ਧੋਂਦੀ-ਧੋਂਦੀ ਉੱਠ ਪ੍ਰੀਤ ਕੋਲ ਗਈ ਤੇ ਉਸਨੂੰ ਮਾਰਨਾ ਸ਼ੁਰੂ ਕਰ ਦਿੱਤਾ, ਹਾਲ਼ੇ ਤੇਰਾ ਖ਼ਸਮ ਬੂਹੇ ਅੱਗੋਂ ਲੰਘਦਾ ਏ ਤੇ ਪ੍ਰੀਤ ਦੇ ਪੈਰਾਂ ਤੇ ਐਨੀ ਜ਼ੋਰ ਨਾਲ ਕੱਪੜੇ ਧੋਣ ਵਾਲ਼ੀਆਂ ਥਾਪੀਆਂ ਮਾਰੀਆਂ ਕਿ ਪ੍ਰੀਤ ਦੇ ਪੈਰਾਂ ਵਿਚੋਂ ਖ਼ੂਨ ਨਿਕਲਣ ਲੱਗ ਪਿਆ ਉਹ ਉੱਚੀ ਉੱਚੀ ਰੋਣ ਲੱਗੀ। ਉਸਦੀ ਮਾਂ ਨੇ ਉਸ ਦਾ ਕੁੱਟ ਕੁੱਟ ਕੇ ਬੁਰਾ ਹਾਲ ਕਰ ਦਿੱਤਾ। ਉਹ ਫਿਰ ਕੱਪੜੇ ਧੋਣ ਲੱਗ ਪਈ। ਪ੍ਰੀਤ ਅੰਦਰ ਰੋ ਰਹੀ ਸੀ ਪਰ ਉਸਦੀ ਕੋਈ ਨਹੀਂ ਸੁਣ ਰਿਹਾ ਸੀ ਪ੍ਰੀਤ ਰੋਂਦੀ ਰੋਂਦੀ ਸੌਂ ਗਈ। ਸ਼ਾਮ ਹੋਈ ਉਸਨੇ ਸਰਵ ਨੂੰ ਫ਼ੋਨ ਕੀਤਾ ਤੇ ਸਭ ਕੁਝ ਦੱਸਿਆ ਤਾਂ ਉਹਨੂੰ ਬਹੁਤ ਦੁੱਖ ਹੋਇਆ, ਉਸਨੇ ਕਿਹਾ ਜੇ ਤੈਨੂੰ ਯਕੀਨ ਨਹੀਂ ਤਾਂ ਤੂੰ ਡਾਕਟਰ ਨੂੰ ਪੁੱਛ ਲੈ, ਸਰਵ ਨੇ ਕਿਹਾ ਮੈਨੂੰ ਤੇਰੇ ਤੇ ਭਰੋਸਾ ਐ। ਉਹ ਵੀ ਉਸ ਦਿਨ ਬਹੁਤ ਰੋਇਆ ਤੇ ਉਸ ਦੀ ਮਾਂ ਨੇ ਉਸ ਨੂੰ ਬਹੁਤ ਸਮਝਾਉਣ ਦੀ ਕੋਸ਼ਿਸ਼ ਕੀਤੀ ਉਸਨੇ ਕਿਸੇ ਦੀ ਨਾ ਸੁਣੀ ਤੇ ਰੱਜ ਕੇ ਰੋਇਆ—ਉਸਨੇ ਇਹ ਸਭ ਆਪਣੀ ਮਾਂ ਨੂੰ ਕਿਹਾ ਤਾਂ ਉਹਦੀ ਮਾਂ ਪ੍ਰੀਤ ਦੇ ਘਰ ਗਈ ਤੇ ਪ੍ਰੀਤ ਦਾ ਪਤਾ ਲਿਆ ਪ੍ਰੀਤ ਬੈੱਡ ਤੇ ਪਈ ਸੀ, ਉਸਦੇ ਪੈਰਾਂ ਤੇ ਪੱਟੀਆਂ ਕਰੀਆਂ ਹੋਈਆਂ ਸਨ ਤੇ ਪੈਰ ਸੁੱਜੇ ਹੋਏ ਸਨ। ਇਹ ਦੇਖ ਉਸਨੇ ਹੌਂਕਾ ਭਰਿਆ ਤੇ ਅੱਖਾਂ ਭਰ ਆਈਆਂ ਉਸਦੀ ਮਾਂ ਨੇ ਬਲਜੀਤ ਨੂੰ ਸਮਝਾਉਂਦਿਆਂ ਆਖਿਆ ਕਿ ਇਹਨੂੰ ਇਸ ਤਰ੍ਹਾਂ ਕੁੱਟਿਆ ਕੁਝ ਨਹੀਂ ਬਣਨਾ ਇਹ ਮਰ ਜਾਵੇਗੀ। ਆਪਾਂ ਦੋਵੇਂ ਰਲ਼ ਕੇ ਕੋਈ ਹੱਲ਼ ਲੱਭਦੇ ਹਾਂ। ਤੁਸੀਂ ਇਸਨੂੰ ਕੁਝ ਨਾ ਕਹੋ। ਉਹ ਸਭ ਗੱਲ਼ਾਂ ਕਹਿ ਆਪਣੇ ਘਰ ਵਾਪਿਸ ਆ ਗਈ ਤੇ ਆ ਉਸਨੂੰ ਕਹਿਣ ਲੱਗੀ " ਸਰਵ ਤੈਨੂੰ ਉਸ ਕੁੜੀ ਦਾ ਜ਼ਰੂਰ ਸ਼ਰਾਪ ਲੱਗੇਗਾ, ਉਸਦੀ ਹਾਲਤ ਬਹੁਤ ਮਾੜੀ ਏ ਉਹ ਤੁਰ ਵੀ ਨਹੀਂ ਸਕਦੀ। "ਇਹ ਸੁਣ ਸਰਵ ਦਾ ਮਨ ਹੋਰ ਵੀ ਭਰ ਆਇਆ। ਉਹ ਅਜਿਹੇ ਮੋੜ ਤੇ ਆ ਗਏ ਸਨ ਕਿ ਕੁਝ ਵੀ ਨਹੀਂ ਕਰ ਸਕਦੇ ਸਨ ਪ੍ਰੀਤ ਤੇ ਐਨੀ ਪਾਬੰਦੀ ਲਾ ਦਿੱਤੀ ਗਈ ਕਿ ਉਹ ਘਰ ਦੇ ਬਾਹਰ ਵੀ ਨਹੀਂ ਜਾ ਸਕਦੀ ਸੀ ਸਾਰਾ ਦਿਨ ਗੋਰਾ ਉਸਤੇ ਨਜ਼ਰ ਰੱਖਦਾ, ਕੁਝ ਦਿਨਾਂ ਬਾਅਦ ਉਹ ਠੀਕ ਹੋ ਗਈ—।

ਪ੍ਰੀਤ ਹੁਣ ਫਿਰ ਕਾਲਜ ਜਾਣ ਲੱਗ ਪਈ ਪਰ ਜਿਸ ਦਿਨ ਉਸਨੂੰ ਕਾਲਜ ਵਿੱਚ ਛੁੱਟੀ ਹੁੰਦੀ ਘਰ ਦੇ ਉਸਤੋਂ ਖੇਤ ਦੇ ਸਾਰੇ ਕੰਮ ਕਰਵਾਏ ਜਾਂਦੇ। ਸਾਰਾ ਦਿਨ ਖੇਤ ਵਿਚ ਧੁੱਪੇ ਮੂੰਗੀ ਤੜਵਾਉਂਦੇ। ਸਰਵ ਮੋਟਰ ਵੇਖਣ ਜਾਂਦਾ ਤਾਂ ਤਕਦੀਰ ਨੂੰ ਕੋਸਦਾ ਕਦੇ ਰੋਟੀ ਵੀ ਨਾ ਖਾਂਦਾ। ਸੋਚਦਾ ਕਿ ਪਤਾ ਨਹੀਂ ਪ੍ਰੀਤ ਨੇ ਕੁਝ ਖਾਦਾ ਹੋਣਾ ਏ ਜਾਂ ਨਹੀਂ। ਇਕ ਦਿਨ ਸਰਵ ਮੇਰੇ ਕੋਲ ਸ਼ਹਿਰ

ਆ ਗਿਆ ਤੇ ਕਹਿਣ ਲੱਗਾ ਯਾਰ ਮੈਂ ਲਵ ਮੈਰਿਜ ਕਰਵਾਉਣੀ ਐ ਪ੍ਰੀਤ ਦਾ ਬਹੁਤ ਬੁਰਾ ਹਾਲ਼ ਏ। ਉਹ ਮੇਰੇ ਨਾਲ ਸ਼ਹਿਰ ਵੱਲ਼ ਚੱਲ ਪਿਆ ਅਸੀਂ ਵਕੀਲ ਕੋਲ ਜਾ ਰਹੇ ਸੀ ਪਰੂਫ਼ ਦੇਣ ਲਈ ਮੈਂ ਉਸ ਦੇ ਪਿੱਛੇ ਬੈਠਾ ਸੀ ਮੈਨੂੰ ਇਹ ਕੰਮ ਚੰਗਾ ਨਾ ਲੱਗਾ ਮੈਂ ਉਸਨੂੰ ਸਮਝਾਉਣ ਦੀ  ਕੋਸ਼ਿਸ਼ ਕੀਤੀ। ਯਾਰ ਪਿਆਰ ਤਾਂ ਤੇਰੇ ਮਾਪੇ ਤੈਨੂੰ ਵੀ ਕਰਦੇ ਨੇ ਤੇਰੀ ਮਾਂ ਨੇ ਤੈਨੂੰ ਪਾਲਿਆ ਪੋਸਿਆ ਤੇ 25 ਸਾਲ ਦਾ ਕਰ ਦਿੱਤਾ ਉਸ ਮਾਂ ਲਈ ਤੂੰ ਕੀ ਕਰ ਰਿਹਾ ਏਂ।

ਉਹ ਚੁੱਪ ਸੀ " ਤੇਰਾ ਪ੍ਰੀਤ ਨਾਲ ਸਿਰਫ਼ 3 ਸਾਲ ਦਾ ਪਿਆਰ ਏ। " ਪਰ ਉਸਦੇ ਪਿਆਰ ਵੱਲ਼ ਵੀ ਦੇਖ ਜੋ ਤੇਰੀ ਖ਼ੁਸ਼ੀ ਲਈ ਤੇਰੇ ਜੰਮਣ ਤੋਂ ਪਹਿਲਾਂ ਦੀ ਦੁਆਵਾਂ ਕਰਦੀ ਹੈ ਉਸ ਭੈਣ ਦੀ ਰੱਖੜੀ ਬਾਰੇ ਸੋਚ ਜੋ ਤੇਰੇ ਤੋਂ ਆਪਣੀ ਰੱਖਿਆ ਦਾ ਹਿਸਾਬ ਮੰਗ ਰਹੀ ਐ, ਉਸ ਵੀਰ ਦਾ ਪਿਆਰ ਦੇਖ ਜੋ ਤੇਰੇ ਨਾਲ ਬਚਪਨ ਤੋਂ ਮੁਹੱਬਤ ਦੇ ਹੁਲਾਰੇ ਲੈ ਰਿਹਾ ਐ। ਉਸ ਪਿਓ ਦਾ ਪਿਆਰ ਕਿੱਥੇ ਹੈ ਜੋ ਤੈਨੂੰ ਇਸ ਮੁਕਾਮ ਤੇ ਲੈ ਆਇਆ, ਜਿਨ੍ਹੇ ਤੈਨੂੰ ਪੜ੍ਹਾਇਆ ਵੱਡਾ ਕੀਤਾ ਦੁਨੀਆਂ ਦਾਰੀ ਦਾ ਰਾਹ ਦੱਸਿਆ, ਯਾਰ ਭਾਵੇਂ ਮੇਰੀਆਂ ਗੱਲ਼ਾਂ ਤੈਨੂੰ ਚੰਗੀਆਂ ਨਾ ਲੱਗਣ ਪਰ ਮੈਂ ਤੈਨੂੰ ਗ਼ਲ਼ਤ ਰਾਹ ਨਹੀਂ ਪਾ ਸਕਦਾ। ਮੰਨ ਲਿਆ ਕਿ ਤੂੰ ਪ੍ਰੀਤ ਨੂੰ ਪਿਆਰ ਕਰਦਾ ਏਂ ਪਰ ਕਦੇ ਇਹ ਸੋਚਿਐ ਤੇਰਾ ਪਿਆਰ ਕਿੰਨੀਆਂ ਜਾਨਾਂ ਲੈ ਸਕਦਾ ਏ, ਨਹੀਂ ਸਰਵ ਤੂੰ ਇਹ ਨਹੀਂ ਸੋਚਿਆ ਤੇਰੇ ਜਾਣ ਪਿੱਛੋਂ ਪ੍ਰੀਤ ਦੇ ਘਰਦੇ ਤੈਨੂੰ ਜਾਣ ਦੇਣਗੇ, ਸਾਰੇ ਪਰਿਵਾਰ ਨੂੰ ਪੁਲਿਸ ਚੁੱਕ ਕੇ ਲੈ ਜਾਵੇਗੀ ਜਿਸ ਮਾਂ ਨੇ ਆਪਣੇ ਪੁੱਤ ਦੇ ਹੱਥ ਗਾਨਾ ਦੇਖਣਾ ਸੀ ਉਹ ਉਸਦੇ ਹੱਥਕੜੀਆਂ ਕਿਵੇਂ ਸਹਿਣ ਕਰ ਲਵੇਗੀ। ਸਰਵ ਇਹ ਗੱਲ਼ਾਂ ਸੁਣ ਮੇਰੇ ਗਲ਼ ਲੱਗ ਰੋਣ ਲੱਗਾ। ਅਸੀਂ ਵਾਪਿਸ ਮੁੜ ਦੁਕਾਨ ਤੇ ਆ ਗਏ। ਸਰਵ ਮੈਨੂੰ ਦੁਕਾਨ ਤੇ ਉਤਾਰ ਆਪਣੇ ਪਿੰਡ ਚਲਾ ਗਿਆ, ਮੈਂ ਨਹੀਂ ਜਾਣਦਾ ਮੈਂ ਗਲ਼ਤ ਕੀਤਾ ਜਾ ਸਹੀ, ਇੱਕ ਪਾਸੇ ਦੋ ਪਿਆਰ ਕਰਨ ਵਾਲ਼ੇ ਸਨ ਤੇ ਦੂਜੇ ਪਾਸੇ ਉਨ੍ਹਾਂ ਦਾ ਸਾਰਾ ਪਰਿਵਾਰ ਉਸਦੇ ਭੈਣ ਭਰਾ ਤੇ ਮਾਪੇ ਨਜ਼ਰ ਆ ਰਹੇ ਸਨ। ਮੈਂ ਮਨ ਜਿਹਾ ਮਾਰ ਇਸ ਗੱਲ਼ ਨੂੰ ਭੁਲਾ ਦਿੱਤਾ ਤੇ ਰੱਬ ਤੇ ਛੱਡ ਦਿੱਤਾ ਜੋ ਕਰੇਗਾ ਚੰਗਾ ਹੀ ਕਰੇਗਾ ਪਰ ਇਹ ਗੱਲ਼ਾਂ ਲਿਖਦੇ ਹੋਏ ਮੈਨੂੰ ਇੰਝ ਲੱਗਦਾ ਏ ਮੈਂ ਗਲ਼ਤ ਕੀਤਾ ਸੀ।

ਇਹਨ੍ਹਾਂ ਦਾ ਪਿਆਰ ਸੱਚਾ ਸੀ, ਇਹ ਗੱਲ਼ਾਂ ਤੋਂ ਬਾਅਦ ਉਸ ਨੇ ਮੈਨੂੰ ਅਗਲ਼ੀਆਂ ਕਹਾਣੀ ਸੁਣਾਈ ਜੋ ਅਤਿ ਦੁੱਖਦਾਈ ਸੀ। ਉਹ ਘਰ ਆਇਆ ਤੇ ਕੁਝ ਸਮੇਂ ਬਾਅਦ ਪ੍ਰੀਤ ਨੇ ਫ਼ੋਨ ਕੀਤਾ ਪ੍ਰੀਤ ਉਸ ਵੇਲ਼ੇ ਬਾਥਰੂਮ ਵਿਚ ਸੀ ਉਸਨੇ ਚੋਰੀ ਫ਼ੋਨ ਕੀਤਾ ਸੀ ਐਨੀ ਪਾਬੰਦੀ ਹੋਣ ਦੇ ਬਾਅਦ ਵੀ ਉਸ ਨੂੰ ਫ਼ੋਨ ਤੇ ਕਿਹਾ " ਸਰਵ ਕੀ ਹੋਇਆ ਤੂੰ ਅੱਜ ਵਕੀਲ ਕੋਲ਼ ਗਿਆ

ਸੀ" ਤਾਂ ਉਹ ਕਹਿਣ ਲੱਗਾ " ਮੈਂ ਗਿਆ ਤਾਂ ਸੀ ਪਰ ਉਸ ਵਕੀਲ ਨੇ ਮੈਨੂੰ ਕਿਹਾ ਕਿ ਤੇਰੇ ਪਿੰਡ 'ਚ ਦੰਗੇ ਹੋ ਜਾਣਗੇ ਪਰ ਮੈਂ ਇਹ ਸਭ ਨਹੀਂ ਚਾਹੁੰਦਾ ਮੈਂ ਆਪਣੇ ਪਿਆਰ ਪਿੱਛੇ ਪਿੰਡ ਦੀ ਸਾਂਝ ਤੇ ਮਾਪਿਆਂ ਦੀ ਇੱਜ਼ਤ ਨਹੀਂ ਰੋਲ ਸਕਦਾ। ਜਦੋਂ ਪ੍ਰੀਤ ਉਸ ਨਾਲ਼ ਗੱਲ਼ਾਂ ਕਰ ਰਹੀ ਸੀ ਤਾਂ ਉਸਦੀ ਮਾਂ ਨੇ ਸੁਣ ਲਿਆ ਉਧਰ ਪ੍ਰੀਤ ਨੇ ਮਾਂ ਨੂੰ ਆਉਂਦਿਆਂ ਦੇਖ ਆਖਿਆ, ਮੇਰਾ ਇਹ ਫ਼ੋਨ ਵੀ ਫੜਿਆ ਗਿਆ। ਮੰਮੀ ਨੇ ਮੈਨੂੰ ਦੇਖ ਤੇ ਸੁਣ ਵੀ ਲਿਆ ਮੇਰੀ ਜਾਨ ਬਣਕੇ ਮੈਨੂੰ ਅੱਜ ਜ਼ਰੂਰ ਲੈ ਜਾਵੀਂ ਮੈਂ ਅੱਜ ਦੁੱਧ 'ਚ ਗੋਲੀਆਂ ਪਾ ਦੇਣੀਆਂ ਨੇ, ਨਹੀਂ ਮੈਂ ਮਰ ਜਾਵਾਂਗੀ। ਅੱਗੋਂ ਉਸ ਨੇ ਕਿਹਾ " ਚਲ ਠੀਕ ਹੈ ਮੈਂ ਆ ਜਾਵਾਂਗਾ।" ਉਸ ਨੇ ਆਪਣੇ ਮਨ ਵਿੱਚ ਸੋਚ ਲਿਆ ਕਿ ਅੱਜ ਪ੍ਰੀਤ ਨੂੰ ਲੈ ਕੇ ਜਾਣਾ ਏ ਜੇ ਰੱਬ ਨੇ ਚਾਹਿਆ ਤਾਂ ਦੋਵੇਂ ਜੀਆਂਗੇ ਨਹੀਂ ਮਰ ਤਾਂ ਪੱਕਾ ਜਾਵਾਂਗੇ।

ਰਾਤ ਹੋਈ ਉਸ ਨੂੰ ਫ਼ੋਨ ਆਇਆ ਉਸਨੇ ਕਿਹਾ ਸਰਵ ਮੈਂ ਗੋਲ਼ੀਆਂ ਪਾ ਦਿੱਤੀਆ ਨੇ ਪਰ ਗੋਲ਼ੀਆਂ ਨੇ ਕੋਈ ਅਸਰ ਨਾ ਕੀਤਾ," ਇਹ ਫ਼ੋਨ ਮੈਂ ਆਪਣੇ ਪਾਪਾ ਦੇ ਸਰ੍ਹਾਣੇ ਤੋਂ ਬਹੁਤ ਰਿਸਕ ਨਾਲ ਚੁੱਕ ਕੇ ਲਿਆਈ ਹਾਂ।" ਐਨੇ ਵਿੱਚ ਪ੍ਰੀਤ ਦੀ ਮਾਂ ਜਾਗ ਪਈ। ਦੇਖ ਕਦੇ ਫੇਰ ਸਹੀ" ਕਹਿ ਕੇ ਫ਼ੋਨ ਕੱਟ ਦਿੱਤਾ। ਸਰਵ ਦੀ ਮਾਂ ਦੀ ਅੱਖ ਵੀ ਖੁੱਲ੍ਹ ਗਈ ਉਹ ਉਸ ਨੂੰ ਫੋਨ ਕਰਦਿਆਂ ਦੇਖ ਬੋਲੀ—" ਪੁੱਤ ਕਿਸਦਾ ਫ਼ੋਨ ਸੀ" ਤਾਂ ਉਸ ਨੇ ਕਿਹਾ "ਮਾਂ ਪ੍ਰੀਤ ਦਾ" ਤਾਂ ਉਹ ਬੋਲਿਆਂ ਆਪਣੀ ਮਾਂ ਦੇ ਗਲ਼ ਲਗ ਰੋਣ ਲੱਗਾ ਤੇ ਬੋਲਿਆਂ " ਮਾਂ ਪ੍ਰੀਤ ਮੇਰੇ ਬਿਨਾਂ ਨਹੀਂ ਰਹਿ ਸਕਦੀ ਉਹ ਬਹੁਤ ਦੁੱਖੀ ਸੀ। ਉਸ ਨੂੰ ਨੀਂਦ ਨਹੀਂ ਆ ਰਹੀ ਸੀ। ਸਵੇਰ ਹੋਈ ਹੁਣ ਪ੍ਰੀਤ ਕੋਲ਼ ਕੋਈ ਫ਼ੋਨ ਨਹੀਂ ਸੀ ਉਹ ਅਗਲੇ ਦਿਨ ਫ਼ੋਨ ਹੋਰ ਦੇ ਆਇਆ ਹੁਣ ਪ੍ਰੀਤ ਬੱਸ ਵਾਰ ਵਾਰ ਇਹ ਹੀ ਗੱਲ ਕਹਿੰਦੀ ਸੀ ਕਿ ਤੂੰ ਮੈਨੂੰ ਲੈ ਜਾਹ-- ਉਹ ਨਹੀਂ ਚਾਹੁੰਦਾ ਸੀ ਸਾਡੇ ਪਿੱਛੇ ਕੋਈ ਮਰੇ ਕਿਸੇ ਦੀ ਬਦਨਾਮੀ ਹੋਵੇ। ਉਹ ਉਸਨੂੰ ਇਸ ਲਈ ਵਾਰ ਵਾਰ ਫ਼ੋਨ ਦਿੰਦਾ ਕਿ ਉਹ ਸਮਝ ਜਾਵੇ ਪਰ ਪ੍ਰੀਤ ਇਹ ਗੱਲ ਮੰਨਣ ਨੂੰ ਕਦੇ ਵੀ ਤਿਆਰ ਨਹੀ ਸੀ। ਉਸਨੇ ਗੁੱਸੇ ਵਿਚ ਉਹਨੂੰ ਬਹੁਤ ਕੁਝ ਕਹਿ ਦਿੱਤਾ ਤਾਂ ਪ੍ਰੀਤ ਨੇ ਗੁੱਸੇ ਵਿਚ ਫ਼ੋਨ ਭੰਨ ਦਿੱਤਾ। ਉਸਨੂੰ ਸਾਰਾ ਦਿਨ ਫ਼ੋਨ ਨਾ ਕੀਤਾ ਫਿਰ ਸਰਵ ਨੇ ਉਸਦੀ ਸਹੇਲੀ ਨੂੰ ਫ਼ੋਨ ਕੀਤਾ ਤੇ ਕਿਹਾ ਮੇਰੀ ਪ੍ਰੀਤ ਨਾਲ ਗੱਲ਼ ਕਰਵਾ ਦੇਈਂ ਪ੍ਰੀਤ ਕਈ ਦਿਨ ਕਾਲਜ ਜਾਂਦੀ ਰਹੀ ਪਰ ਉਸ ਵੱਲ਼ ਕਦੇ ਵੀ ਨਾ ਦੇਖਿਆ। ਕੁਝ ਦਿਨ ਬੀਤੇ ਉਸਨੇ ਇੱਕ ਚਿੱਠੀ ਲਿਖੀ ਤੇ ਆਪਣੀ ਸਹੇਲੀ ਨੂੰ ਕਹਿ ਦਿੱਤਾ ਕਿ ਉਸ ਨੂੰ ਫ਼ੋਨ ਕਰਕੇ ਦੱਸ ਦੇਈਂ ਕਿ ਮੈਂ ਉੱਥੇ ਰੱਖਾਂਗੀ ਜਿੱਥੇ ਉਹ ਫ਼ੋਨ ਰੱਖ ਕੇ ਗਿਆ ਸੀ ਤੇ ਚੱਕ ਲਵੇ। ਪ੍ਰੀਤ ਦੀ ਸਹੇਲੀ ਨੇ ਸਰਵ ਨੂੰ

ਫ਼ੋਨ ਕਰਕੇ ਸਭ ਦੱਸ ਦਿੱਤਾ ਉਸਨੇ ਖੱਤ ਚੱਕ ਲਿਆ ਉਸ ਵਿੱਚ ਉਹਨੇ ਲਿਖਿਆ ਸੀ

---ਚਿੱਠੀ---

" ਵੈਸੇ ਤਾਂ ਮੈਂ ਤੈਨੂੰ ਇਹ ਚਿੱਠੀ ਲਿਖਣਾ ਨਹੀਂ ਚਾਹੁੰਦੀ ਸੀ, ਪਰ ਮੇਰੀ ਜਾਨ ਮੈਥੋਂ ਰਿਹਾ ਨਹੀਂ ਗਿਆ। ਸੱਬੋ ਨਾਲ਼ ਗੱਲ਼ ਕਰਨ ਤੋਂ ਬਾਅਦ ਮੇਰਾ ਮਨ ਐਨਾ ਭਰ ਗਿਆ ਕਿ ਮੈਨੂੰ ਹੋਇਆ ਮੈਂ ਤੈਨੂੰ ਸਾਰੀਆਂ ਗੱਲਾਂ ਕਹਿ ਦੇਵਾਂ ਮੈਨੂੰ ਪਤਾ ਇਹ ਖ਼ਤ ਪੜ੍ਹਕੇ ਤੈਨੂੰ ਗੁੱਸਾ ਜ਼ਰੂਰ ਆਵੇਗਾ, ਮੈਂ ਨਹੀਂ ਜਾਣਦੀ ਕਿ ਤੂੰ ਕੀ ਸੋਚੇਂਗਾ, ਚਾਹੇ ਤੂੰ ਅੱਜ ਤੱਕ ਮੇਰੀ ਕੋਈ ਵੀ ਗੱਲ਼ ਨਾ ਮੰਨੀ ਤੂੰ ਕੁਝ ਵੀ ਮਾੜਾਂ ਨਾ ਕਰੀਂ, ਕਿਉਂਕਿ ਮੈਨੂੰ ਤੇਰੇ ਗੁੱਸੇ ਤੋਂ ਬਹੁਤ ਡਰ ਲੱਗਦਾ ਏ ਤੂੰ ਇਹ ਚਾਹੁੰਦਾਂ ਏਂ ਕਿ ਮੈਂ ਵਿਆਹ ਕਰਵਾ ਲਵਾਂ ਮੈਂ ਤੇਰੇ ਨਾਲ ਵਾਅਦਾ ਕਰਦੀ ਹਾਂ ਮੈਂ ਪੱਕਾ ਵਿਆਹ ਕਰਵਾ ਲਵਾਂਗੀ। ਅੱਜ ਤੱਕ ਤੇਰੀ ਹਰ ਗੱਲ਼ ਮੰਨਦੀ ਆਈ ਹਾਂ ਤੇ ਜੋ ਵੀ ਕਿਹਾ ਏ ਮੈਂ ਕੀਤਾ, ਮੈਨੂੰ ਮੇਰੇ ਪਿਆਰ ਤੇ ਫਖ਼ਰ ਹੈ। ਮੈਂ ਤੇਰੀ ਹਰ ਇਕ ਗੱਲ ਮੰਨਾਂਗੀ। ਮੇਰਾ ਪਿਆਰ ਸੱਚਾ ਹੈ ਸੱਚਾ ਸੀ ਮੈਂ ਤੈਨੂੰ ਪਿਆਰ ਕਰਦੀ ਹਾਂ। ਇਹ ਨਾ ਸੋਚੀਂ ਕਿ ਮੈਂ ਤੈਨੂੰ ਪਿਆਰ ਨਹੀਂ ਕਰਦੀ, ਪਰ ਸ਼ਾਇਦ ਮੈਂ ਤੈਨੂੰ ਕਦੇ ਜਿੰਦਗੀ 'ਚ ਫ਼ੋਨ ਨਾ ਕਰਾਂ, ਮੈਨੂੰ ਮਾਫ਼ ਕਰੀਂ।

(ਤੇਰੀ ਪ੍ਰੀਤ)

ਚਿੱਠੀ ਪੜ੍ਹਕੇ ਉਹ ਘਬਰਾ ਗਿਆ---ਕਿਉਂਕਿ ਉਹ ਇਹ ਨਹੀਂ ਚਾਹੁੰਦਾ ਸੀ ਕਿ ਉਹ ਉਸਨੂੰ ਛੱਡ ਜਾਵੇ। ਉਹ ਇਹ ਹੀ ਚਾਹੁੰਦਾ ਸੀ ਕਿ ਪ੍ਰੀਤ ਵਿਆਹ ਕਰਵਾ ਲਵੇ ਪਰ ਉਸਨੂੰ ਵੀ ਛੱਡੇ ਨਾ। ਉਸ ਲਈ ਇਹ ਸਮਾਂ ਉਹ ਸੀ ਜਿੱਥੇ ਉਹ ਆਪਣਾ ਪਿਆਰ ਪਾ ਵੀ ਸਕਦਾ ਸੀ ਤੇ ਗਵਾ ਵੀ ਸਕਦਾ ਸੀ। ਉਹ ਦੋਵੇਂ ਹੀ ਉਸ ਚੋਰਾਹੇ ਤੇ ਖੜ੍ਹੇ ਸਨ ਜਿੱਥੇ ਦੋਵਾਂ ਨੇ ਆਪਣੇ ਆਪਣੇ ਰਾਹ ਚੁਣਨੇ ਸਨ, ਪ੍ਰੀਤ ਦੀ ਸੋਚ ਵੱਖ ਸੀ ਕਿ ਜੇਕਰ ਉਸ ਦੀ ਹੋਣਾ ਤਾਂ ਉਹ ਉਸ ਲਈ ਸਭ ਐ। ਤੇ ਜੇ ਨਾ ਹੋਇਆ ਜਾਂ ਤਾਂ ਮਰ ਜਾਵੇਗੀ ਅਤੇ ਜਾਂ ਕਦੇ ਵੀ ਉਸਨੂੰ ਆਪਣੀ ਸ਼ਕਲ ਨਹੀਂ ਦਿਖਾਵੇਗੀ। ਦੋਵੇਂ ਮਜ਼ਬੂਰ ਸਨ। ਸਰਵ ਖ਼ਿਆਲ ਸੀ ਜੇ ਪ੍ਰੀਤ ਵਿਆਹ ਕਰਵਾ ਲਵੇ, ਉਹ ਸਾਰੀ ਉਮਰ ਉਸ ਲਈ ਕੁਆਰਾ ਰਹਿਕੇ ਉਸਨੂੰ ਪਿਆਰ ਕਰਦਾ ਰਹੇ। ਉਹ ਵੀ ਉਸਨੂੰ ਉਸੀ ਤਰ੍ਹਾਂ ਮਿਲਦੀ ਰਹੇ ਅਤੇ ਪਿਆਰ ਕਰਦੀ ਰਹੇ- ਪਰ ਇਹ ਗੱਲ਼ ਪ੍ਰੀਤ ਦੀ ਸੋਚ ਤੋਂ ਬਹੁਤ ਦੂਰ ਸੀ, ਉਸਨੂੰ ਇਹ ਗੱਲ਼ ਕਦੇ ਵੀ ਪ੍ਰਵਾਨ ਨਹੀਂ ਸੀ। ਸਰਵ ਨੇ ਆਪਣਾ ਮਨ ਮਾਰ ਇਕ ਖ਼ਤ ਲਿਖਿਆ ਮੈਂ ਤੇਰੇ ਨਾਲ ਵਿਆਹ ਕਰਵਾਉਣ ਲਈ ਤਿਆਰ ਹਾਂ ਤੂੰ ਜੋ ਕਹੇਂ ਮੈਂ ਉਹ ਕਰਨ ਲਈ ਤਿਆਰ ਹਾਂ ਪਰ ਮੈਨੂੰ ਛੱਡਕੇ ਨਾ ਜਾ। ਮੈਂ ਤੇਰੇ ਬਿਨਾਂ ਰਹਿ ਨਹੀਂ ਸਕਦਾ ਤੇ ਇਹ ਖ਼ਤ ਉਸਨੇ ਆਪਣੇ ਖ਼ੂਨ ਨਾਲ ਲਿਖ਼ਿਆ।

ਜਦੋਂ ਇਹ ਖ਼ਤ ਪ੍ਰੀਤ ਨੇ ਪੜ੍ਹਿਆ ਤਾਂ ਉਹ ਘਬਰਾ ਗਈ। ਉਸਨੇ ਉਸਨੂੰ ਇਕ ਖ਼ਤ ਹੋਰ ਭੇਜ ਦਿੱਤਾ ਤੇ ਉਸ ਵਿੱਚ ਲਿਖਿਆ ਕਿ ਸਰਵ ਮੈਂ ਤੇਰੇ ਨਾਲ ਭੱਜ ਨਹੀਂ ਸਕਦੀ, ਹਾਂ ਤੇਰੇ ਨਾਲ਼ ਇਕ ਕੰਮ ਕਰ ਸਕਦੀ ਹਾਂ, ਆਪਣੇ ਇਕੱਠੇ ਹੋਣ ਦੀ ਇਕ ਆਖ਼ਰੀ ਉਮੀਦ ਹੈ ਕਿ ਤੂੰ ਮੇਰੇ ਘਰਦਿਆਂ ਨਾਲ ਗੱਲ਼ ਕਰ ਲੈ ਜੇ ਤੈਨੂੰ ਮਾਰਨਗੇ ਮੈਂ ਬਰਾਬਰ ਖੜਾਂਗੀਂ। ਉਸਦੇ ਵਿਆਹ ਦੀ ਤਰੀਖ਼ ਨੇੜੇ ਸੀ ਪਰ ਉਸਨੂੰ ਇਹ ਨਹੀਂ ਪਤਾ ਸੀ ਕਿ ਸ਼ਗਨ ਦਾ ਦਿਨ ਕਿਹੜਾ ਹੈ। ਅਗਲੇ ਦਿਨ ਜਦੋਂ ਉਹ ਕਾਲਜ 'ਚੋਂ ਵਾਪਿਸ ਆਈ ਤਾਂ ਉਸਦੀ ਮਾਂ ਫ਼ੋਨ ਤੇ ਗੱਲ਼ਾਂ ਕਰ ਰਹੀ ਸੀ ਕਿ ਜਿਸ ਦਿਨ ਪ੍ਰੀਤ ਦਾ ਸ਼ਗਨ ਏ, ਉਸੇ ਦਿਨ ਉਸਨੂੰ ਉਸਦੇ ਸੌਹਰੇ ਘਰ ਤੌਰ ਦੇਵਾਂਗੇ। ਪਰ ਉਸਨੂੰ ਕੁਝ ਨਾ ਦੱਸਿਓ ਨਾ ਹੀ ਪੜ੍ਹਨ ਤੋਂ ਹਟਾਉਣਾ। ਜਿਸ ਦਿਨ ਉਸਨੂੰ ਤੋਰਨਾ ਏ ਉਸੇ ਦਿਨ ਕਾਲਜ ਨਾ ਜਾਣ ਦਿਓ। ਬਸ ਉਹਨੂੰ ਇਹ ਹੀ ਪਤਾ ਲੱਗੇ ਕਿ ਉਸਦਾ ਵਿਆਹ ਸ਼ਗਨ ਇਕੱਠਾ ਹੀ ਹੈ, ਪ੍ਰੀਤ ਨੇ ਇਹ ਸਭ ਸੁਣ ਲਿਆ ਤੇ ਉਹ ਘਬਰਾ ਗਈ । ਉਧਰ ਉਸਦੀ ਮਾਂ ਨੇ ਉਸਨੂੰ ਵੇਖ ਫ਼ੋਨ ਕੱਟ ਦਿੱਤਾ। ਉਸਦੀ ਮਾਂ ਨੂੰ ਇੰਝ ਸੀ ਕਿ ਉਸਨੇ ਕੁਝ ਨਹੀਂ ਸੁਣਿਆ ਉਸਨੇ ਜਲਦੀ-ਜਲਦੀ ਸਰਵ ਨੂੰ ਇਕ ਚਿੱਠੀ ਲਿਖੀ ਜਿਸ ਵਿਚ ਉਸ ਲਿਖਿਆ ਕਿ ਸਰਵ ਜਿਸ ਦਿਨ ਨੂੰ ਮੈਂ ਸ਼ਗਨ-ਸ਼ਗਨ ਕਹਿੰਦੀ ਸੀ ਉਹ ਦਿਨ ਤਾਂ ਮੇਰੇ ਵਿਆਹ ਦਾ ਹੈ ਤੇ ਤੂੰ ਇਸ ਗੱਲ਼ ਦਾ ਧਿਆਨ ਰੱਖੀ, ਜਿਸ ਦਿਨ ਮੈਂ ਕਾਲ਼ਜ ਨਾ ਗਈ ਤਾਂ ਸਮਝ ਲਵੀਂ ਕਿ ਤੇਰੀ ਪ੍ਰੀਤ ਹੁਣ ਤੇਰੀ ਨਾ ਰਹੀ। ਤੂੰ ਜਲਦੀ ਮੇਰੇ ਪਾਪਾ ਨਾਲ ਗੱਲ਼ ਕਰ ਲੈ ਜਾਨ ਮੇਰੀ ਜਾਨ ਨਿਕਲੀ ਜਾਂਦੀ ਹੈ।

ਸਰਵ ਹਰ ਰੋਜ਼ ਉਸਦੇ ਦੱਸੇ ਟਿਕਾਣੇ ਤੇ ਖ਼ਤ ਦੇਖਣ ਜਾਂਦਾ, ਉਹ ਕਦੇ ਵੀ ਖ਼ਤ ਰੱਖ ਸਕਦੀ ਸੀ। ਉਹ ਇਕ ਦਿਨ ਉਸਦੇ ਘਰ ਗਿਆ ਤੇ ਖ਼ਤ ਚੁੱਕ ਲਿਆਇਆ ਤੇ ਪੜ੍ਹਿਆ ਤਾਂ ਉਸਦੇ ਹੋਸ਼ ਉੱਡ ਗਏ, ਖ਼ਤ ਪੜ੍ਹ ਉਸਨੇ ਉਸਨੂੰ ਖ਼ਤ ਲਿਖਿਆ ਜਿਸ ਵਿਚ ਲਿਖਿਆ ਕਿ ਮੈਂ ਤੇਰੇ ਨਾਲ ਵਾਅਦਾ ਕਰਦਾ ਹਾਂ ਕਿ ਕੱਲ੍ਹ ਨੂੰ ਸਵੇਰੇ ਹੀ ਤੇਰੇ ਘਰ ਆਵਾਂਗਾ ਤੇਰੇ ਪਾਪਾ ਨਾਲ਼ ਆਪਣੇ ਵਿਆਹ ਦੀ ਗੱਲ ਕਰਾਂਗਾ ਤੇ ਕਹਾਂਗਾ ਨਹੀਂ ਸਾਨੂੰ ਦੋਹਾਂ ਨੂੰ ਮਾਰ ਦਿਓ। ਇਹ ਲਿਖਕੇ ਉਹ ਚਿੱਠੀ ਉੱਥੇ ਹੀ ਰੱਖ ਆਇਆ।

ਸਵੇਰ ਹੋਈ ਉਹ ਦੁਕਾਨ ਤੇ ਗਿਆ। ਪ੍ਰੀਤ ਦੀ ਵੈਨ ਆ ਗਈ ਪ੍ਰੰਤੂ ਪ੍ਰੀਤ ਉਸ ਦਿਨ ਵੈਨ ਵਿੱਚ ਨਾ ਚੜੀ ਤਾਂ ਉਸਨੂੰ ਸੋਚ ਲੱਗ ਗਈ ਕਿ ਅੱਜ ਕਿਤੇ ਪ੍ਰੀਤ ਨੂੰ ਵਿਆਹ ਕੇ ਨਾ ਤੋਰ ਦੇਣ ਉਸ ਦੇ ਦਿਲ ਵਿੱਚ

ਅਨੇਕਾਂ ਹੀ ਸਵਾਲ ਉਠ ਰਹੇ ਸਨ ਉਸ ਨੂੰ ਇਹ ਪਤਾ ਨਹੀ ਲੱਗ ਰਿਹਾ ਸੀ ਕਿ ਉਹ ਕੀ ਕਰੇ ਤੇ ਕੀ ਨਾ ਕਰੇ----

ਪਹਿਲਾਂ ਤਾਂ ਉਹ ਉਸਦੇ ਘਰ ਵੱਲ ਗਿਆ ਤੇ ਉਹਦਾ ਪਾਪਾ ਉਸ ਨੂੰ ਘਰ ਨਾ ਦਿਖਾਈ ਦਿੱਤਾ ਤਾਂ ਉਹ ਉਨ੍ਹਾਂ ਦੇ ਖੇਤਾਂ 'ਚ ਚਲਾ ਗਿਆ ਜੱਗਾ ਕੱਖ ਵੱਢ ਰਿਹਾ ਸੀ । ਉਸਨੂੰ ਵੇਖ ਸਰਵ ਨੇ ਫ਼ੋਨ ਕਰ ਆਪਣੀ ਗੱਲ ਕਹਿਣ ਨੂੰ ਮੁਨਾਸਿਫ ਸਮਝਿਆ

" ਚਾਚਾ ਮੈਂ ਸਰਵ ਬੋਲ ਰਿਹਾ ਹਾਂ" ਉਸਨੇ ਕਿਹਾ 'ਕੀ ਕੰਮ ਐ'। ਅੱਗੋਂ ਜੱਗੇ ਨੇ ਜਵਾਬ 'ਚ ਪੁੱਛਿਆ। ਸਰਵ ਕਹਿਣ ਲੱਗਾ ਮੈ ਤੇਰੇ ਨਾਲ ਇਕ ਜਰੂਰੀ ਗੱਲ ਕਰਨੀ ਐ ਇਸ ਲਈ ਤੁਸੀਂ ਸਾਡੀ ਮੋਟਰ ਤੇ ਆ ਜਾਓ। ਕਿਉਂਕਿ ਉਹਦੀ ਤੇ ਜੱਗੇ ਦੀਆਂ ਮੋਟਰਾਂ ਨੇੜੇ ਨੇੜੇ ਸਨ। ਜੱਗਾ ਕੱਖ ਵੱਢਣੇ ਛੱਡ ਉਸ ਕੋਲ ਆ ਗਿਆ। ਉਹ ਰੋ ਰਿਹਾ ਸੀ, ਅਤੇ ਜੱਗੇ ਨੂੰ ਵੇਖ ਰੋਂਦਿਆਂ ਬੋਲਿਆ "ਚਾਚਾ ਤੁਸੀ ਪ੍ਰੀਤ ਦਾ ਵਿਆਹ ਕਰ ਰਹੇ ਹੋ" ਸੁਣਦਿਆਂ ਜੱਗਾ ਬੋਲਿਆ "ਤੈਨੂੰ ਕੀ ਪਤਾ ਏ" ਤੇ ਉਸਨੇ ਮੁੜਵਾਂ ਜਵਾਬ ਦਿਤਾ " ਮੈਂ ਉਸ ਨੂੰ ਪਿਆਰ ਕਰਦਾਂ ਹਾਂ।" ਤੇ ਪ੍ਰੀਤ ਮੇਰੇ ਬਿਨਾਂ ਨਹੀਂ ਰਹਿ ਸਕਦੀ .. ਤੈਨੂੰ ਪਤੈ ਪ੍ਰੀਤ ਨੇ ਸਪਰੇ ਕਿਉਂ ਪੀਤੀ ਸੀ.. ਮੈਂ ਉਸਨੂੰ ਕਿਹਾ ਸੀ ਕਿ ਮੇਰਾ ਰਿਸ਼ਤਾ ਹੋ ਗਿਆ ਤਾਂ ਇਹ ਸੁਣ ਕੇ ਉਹ ਬਰਦਾਸ਼ਤ ਨਾ ਕਰ ਸਕੀ ਤੇ ਸਪਰੇ ਪੀ ਗਈ .. ਤੁਸੀਂ ਅੱਜ ਉਸਦਾ ਵਿਆਹ ਕਰ ਰਹੇ ਹੋ ਉਹ ਕੁਝ ਵੀ ਕਰ ਸਕਦੀ ਏ".. ਸੁਣ ਜੱਗਾ ਭੜਕਦਿਆਂ ਬੋਲਿਆ, ਤੈਨੂੰ ਤਾਂ ਕੋਈ ਫ਼ਰਕ ਨਹੀਂ ਪੈਣਾ।

ਉਹ ਮੇਰੇ ਜਾ ਕੁਝ ਵੀ ਕਰੇ ਉਹ ਮੇਰੀ ਧੀ ਏ.. ਉਹ ਐਵੇਂ ਕਿਵੇਂ ਮਰੇਗੀ ਮੈਂ ਵੀ ਉਸਨੂੰ ਪਿਆਰ ਕਰਦਾ ਹਾਂ ਤੇ ਉਹ ਵੀ ਮੈਨੂੰ ਪਿਆਰ ਕਰਦੀ ਏ, ਸਰਵ ਨੇ ਕਿਹਾ-" ਜੇ ਮਾਰਨਾ ਹੀ ਏ ਤਾਂ ਸਾਨੂੰ ਦੋਵਾਂ ਨੂੰ ਮਾਰ ਦਿਓ ਪਰ ਸਾਨੂੰ ਵੱਖ ਨਾ ਕਰੋ।"

"ਕੀ ਆਖਿਐ!" ਮੈਂ ਦਿੰਦਾ ਤੈਨੂੰ ਆਪਣੀ ਕੁੜੀ ਦੇ ਨੰਦ, ਤੇਰੀ ਇਹ ਮਜਾਲ" ਇਹ ਗੱਲ ਕਹਿ ਜੱਗਾ ਉਸ ਨੂੰ ਗਾਲਾਂ ਕੱਢਦਾ ਸਰਪੰਚ ਘਰੇ ਜਾ ਪਹੁੰਚਿਆਂ। ਥੋੜੀ ਦੇਰ ਬਾਅਦ ਸਾਰੀ ਪੰਚਾਇਤ ਸਰਵ ਦੇ ਘਰ ਆ ਗਈ। ਪ੍ਰੰਤੂ ਉਹ ਖੇਤ ਹੀ ਬੈਠਾ ਰਿਹਾ.. ਉਸਦਾ ਦੋਸਤ ਉਸਦੇ ਕੋਲ ਭਜਿਆ ਆਇਆ, ਉਹ ਕਹਿਣ ਤੇਰੀ ਸਾਰੀ ਗੱਲ ਪ੍ਰੀਤ ਦੇ ਪਾਪਾ ਨੇ ਪੰਚਾਇਤ ਵਿੱਚ ਜਾ ਆਖ ਦਿਤੀ ਉਹ ਤੈਨੂੰ ਲੱਭਦੇ ਫਿਰ ਰਹੇ ਨੇ ਤੂੰ ਇੱਥੋਂ ਚਲਾ ਜਾ ਨਹੀਂ ਤਾਂ ਤੈਨੂੰ ਮਾਰ ਨਾ ਦੇਣਗੇ। ਪ੍ਰੰਤੂ ਉਸਨੇ ਕਿਹਾ " ਯਾਰ ਪ੍ਰੀਤ ਨਾਲੋਂ ਵੱਖ ਹੋਣ ਨਾਲੋਂ ਚੰਗਾ ਮਰਨਾ ਹੀ ਮਨਜ਼ੂਰ ਐ।" ਉਹਦਾ ਇਹ ਜਵਾਬ ਸੁਣ ਉਸਦੇ ਦੋਸਤ ਨੇ ਪਈ ਛੱਟੀ ਚੱਕ, ਉਸਨੂੰ ਗਾਲ੍ਹਾਂ ਕੱਢਦਿਆਂ ਆਖ਼ਿਆ ਸਾਲਿਆਂ

ਐਥੇ ਬਹਿ ਕੇ ਮਕਾਣ ਦਿਨੈਂ ਜੇ ਜ਼ਿਆਦਾ ਹੀ ਹੈਜ ਆਉਂਦੈ " ਰੰਨ ਦਾ ਕੁਝ ਕਰ " । ਇਹ ਸੂਣ ਉਹ ਮੋਟਰ ਸਾਇਕਲ ਚੁੱਕ ਉੱਥੋਂ ਚੱਲਿਆ ਗਿਆ।

ਪ੍ਰੀਤ ਦਾ ਮੰਗੇਤਰ ਅਤੇ ਉਹ ਹਮਧੰਦਾ ਸਨ ਉਹ ਵੀ ਮੋਟਰਾਂ ਦਾ ਕੰਮ ਕਰਦਾ ਸੀ। ਉਹ ਸਿੱਧਾ ਉਸਦੀ ਦੁਕਾਨ ਤੇ ਪਹੁੰਚਿਆ। ਦੁਕਾਨ ਉੱਤੇ ਕੰਮ ਕਰ ਰਹੇ ਉਸਦੇ ਸ਼ਗਿਰਦ ਤੋਂ ਨੰਬਰ ਲੈ ਉਸ ਪਲ਼ ਗੱਲ਼ ਕਰਨ ਦਾ ਮਨ ਬਣਾਇਆਂ ਤਾਂ ਜੋ ਉਹ ਪਿਆਰ ਦਾ ਵਾਸਤਾ ਪਾ ਉਸਨੂੰ ਆਪਣੀ ਮੁਹੱਬਤ ਲਈ ਰਾਜ਼ੀ ਕਰ ਲਵੇਗਾ। ਉਸ ਦੀ ਸੋਚ ਨੂੰ ਵੀ ਬੂਰ ਪੈ ਗਿਆ। ਉਸਨੇ ਉਹਦੀ ਗੱਲ਼ ਸੁਣ ਇਸ ਰਿਸ਼ਤੇ ਤੋਂ ਇਨਕਾਰ ਦਾ ਵਾਅਦਾ ਕਰ ਲਿਆ। ਉਸ ਤੋਂ ਵਾਅਦਾ ਲੈ ਜਦ ਉਹ ਘਰ ਆਇਆ ਤਾਂ ਘਰ ਦੇ ਉਸਨੂੰ ਗਾਲ਼ਾਂ ਦੇਣ ਲੱਗੇ ਕਿ ਤੂੰ ਸਾਡੀ ਪਿੰਡ ਵਿੱਚ ਬੇਇਜ਼ਤੀ ਕਰਾ ਦਿਤੀ ਅਸੀ ਪਿੰਡ ਵਿੱਚ ਰਹਿਣ ਜੋਗੇ ਨਹੀਂ। ਅਸੀਂ ਤੈਨੂੰ ਘਰੋਂ ਬੇਦਖਲ ਕਰ ਦਿਆਂਗੇ ਹਾਂ ਜਿਥੇ ਮਰਜੀ ਜਾਵੀਂ ਜੋ ਮਰਜੀ ਕਰੀਂ। ਅੱਗੋਂ ਉਸਨੇ ਕਿਹਾ ਹਾਂ ਠੀਕ ਹੈ ਮੈਨੂੰ ਬੇਦਖਲ ਕਰ ਦਿਓ ਮੈ ਆਪਣੀ ਜ਼ਿੰਦਗੀ ਆਪ ਜੀਅ ਲਵਾਂਗਾ।

ਸਰਵ ਦੇ ਪਿਓ ਨੇ ਆਖਿਆ 'ਨਾਲੇ ਜਿਹੜੀ ਕੁੜੀ ਪਿਛੇ ਤੂੰ ਛਾਲਾਂ ਮਾਰਦਾ ਏ ਉਹ ਅੱਜ ਪੰਚਾਇਤ 'ਚ ਸ਼ਰੇਆਮ ਮੁਕਰ ਗਈ। ਉਸ ਕਹਿ ਦਿਤਾ ਕਿ ਮੈਂ ਕਿਸੇ ਸਰਵ ਨੂੰ ਨਹੀਂ ਜਾਣਦੀ ਉਹ ਮਲੰਗ ਮੇਰਾ ਪੈਂਡਾ ਨਹੀ ਛੱਡਦਾ।'

ਇਹ ਗੱਲਾਂ ਸੁਣ ਉਹ ਹੱਸ ਰਿਹਾ ਸੀ ਕਿ ਇਹ ਗੱਲ਼ ਉਹ ਕਦੇ ਕਹਿ ਹੀ ਨਹੀਂ ਸਕਦੀ.. ਉਸਨੂੰ ਪਤਾ ਸੀ ਕਿ ਉਸਦੇ ਘਰਦੇ ਮੈਨੂੰ ਪ੍ਰੀਤ ਬਾਰੇ ਭੜਕਾ ਰਹੇ ਨੇ ਪਰ ਮੈਂ ਉਹਨੂੰ ਮਾੜਾ ਨਹੀਂ ਕਹਿ ਸਕਦਾ ਤੇ ਉਹ ਘਰੋ ਪ੍ਰੀਤ ਦੇ ਘਰ ਵੱਲ ਚਲਾ ਗਿਆ ਉਸਨੇ ਦੇਖਿਆ ਕਿ ਪ੍ਰੀਤ ਦੇ ਘਰ ਮੰਮੀ ਪਾਪਾ ਤੇ ਪ੍ਰੀਤ ਨਹੀ ਸਨ.. ਬਾਕੀ ਸਾਰਾ ਪਰਿਵਾਰ ਘਰ ਸੀ। ਸ਼ਰਵ ਦੇ ਮਨ ਸ਼ਾਤੀ ਜਿਹੀ ਆ ਗਈ ਕਿਉਂ ਕਿ ਉਸ ਨੂੰ ਲੱਗਾ ਕਿ ਅੱਜ ਪ੍ਰੀਤ ਦਾ ਸਿਰਫ਼ ਸ਼ਗਣ ਤੇ ਵਿਆਹ ਨਹੀਂ। ਸਾਰਾ ਦਿਨ ਦੁਕਾਨ ਤੇ ਬੈਠਾ ਉਹ ਪ੍ਰੀਤ ਦੇ ਘਰ ਦੇ ਵੇਖ ਰਿਹਾ ਸੀ ਸ਼ਾਮ ਹੋਈ ਜੱਗਾ ਤੇ ਬਲਜੀਤ ਦੋਵੇਂ ਘਰ ਆਏ ਪਰ ਪ੍ਰੀਤ ਨਹੀ ਸੀ। ਕਿਉਂਕਿ ਉਸਦੇ ਘਰ ਦੇ ਉਸਨੂੰ ਕਿਤੇ ਰਿਸ਼ਤੇਦਾਰੀ 'ਚ ਛੱਡ ਆਏ ਸਨ ਅਗਲੇ ਦਿਨ ਸਵੇਰ ਹੋਈ ਉਹ ਪ੍ਰੀਤ ਦੀ ਮਾਸੀ ਦੇ ਪਿੰਡ ਚਲਾ ਗਿਆ। ਉਸਦੇ ਘਰ ਜਾ ਪਤਾ ਕੀਤਾ ਉਸਦੇ ਘਰਦੇ ਅੱਗੇ ਸਰਵ ਨੇ ਬਹੁਤ ਗੇੜੇ ਮਾਰੇ ਪਰ ਪ੍ਰੀਤ ਕਿਧਰੇ ਨਜ਼ਰ ਨਹੀਂ ਆਈ। ਸਰਵ ਉਸ ਪਿੰਡ ਵਿਚ 2-3 ਘੰਟੇ ਫਿਰਦਾ ਰਿਹਾ ਪਰ ਕੋਈ ਪਤਾ ਨਾ ਲੱਗਾ ਤੇ ਨਿਰਾਸ਼ਾ ਦਾ ਮਾਰਿਆ ਆਪਣੇ ਘਰ ਆ ਗਿਆ ਤੇ ਆਪਣੇ ਕਮਰੇ 'ਚ ਬਹਿਕੇ ਸੋਚਣ ਲੱਗਾ। ਸਾਰੀ ਰਾਤ ਸੋਚਦਾ ਰਿਹਾ ਪ੍ਰੀਤ ਕਿੱਥੇ ਐ

ਉਹ ਕਦੇ ਬਾਹਰ ਚਲਾ ਜਾਂਦਾ, ਕਦੇ ਅੰਦਰ ਬੈਠ ਜਾਂਦਾ, ਉਸਦਾ ਦਿਮਾਗ਼ ਉਸਨੂੰ ਅਜੀਬ ਅਜੀਬ ਦ੍ਰਿਸ਼ ਦਿਖਾ ਰਿਹਾ ਸੀ। ਉਹਦੇ ਮਨ ਵਿਚ ਖਿਆਲ਼ ਆਇਆ।

ਕਿ ਜਦੋਂ ਪ੍ਰੀਤ ਨੇ ਸਪਰੇ ਪੀਤੀ ਸੀ ਤਾਂ ਉਹ ਆਪਣੀ ਮਾਸੀ ਦੀਆਂ ਕੁੜੀਆਂ ਦੇ ਘਰ ਸੀ। ਸਰਵ ਨੇ ਸਵੇਰੇ ਮੋਟਰ ਸਾਇਕਲ ਚੁੱਕਿਆ ਤੇ ਉਸ ਪਿੰਡ ਚੱਲਾ ਗਿਆ ਉਹ ਪਿੰਡ ਕਾਫੀ ਵੱਡਾ ਸੀ ਤੇ ਸਰਵ ਨੂੰ ਉਸਦਾ ਘਰ ਲੱਭਣ ਤੇ ਕਾਫ਼ੀ ਸਮਾਂ ਲੱਗਾ।

ਆਖਿਰ ਨੂੰ ਉਸਦਾ ਘਰ ਮਿਲ ਹੀ ਗਿਆ। ਉਹ ਉਹਨਾਂ ਦੇ ਦਰਵਾਜ਼ੇ ਅੱਗੇ ਕਾਫ਼ੀ ਦੇਰ ਤੱਕ ਖੜਾ ਰਿਹਾ। ਪ੍ਰੀਤ ਦੇ ਜੀਜੇ ਉਸ ਵੱਲ ਵੇਖ ਰਹੇ ਸਨ। ਸਰਵ ਨੇ ਨੇੜੇ ਵਾਲੇ ਘਰਦੇ ਇਕ ਮੁੰਡੇ ਨੂੰ ਪੁਛਿਆ ਕਿ ਇਥੇ ਇਕ ਕੁੜੀ ਤਾਂ ਨਹੀ ਆਈ, ਸੋਹਣੀ ਜਿਹੀ। ਪਰ ਉਸਨੇ ਨਾ ਵਿੱਚ ਜਵਾਬ ਦਿੱਤਾ ਤਾਂ ਸਰਵ ਵਾਪਿਸ ਮੁੜ ਆਇਆ ਤੇ ਘਰ ਆ ਕਿ ਫਿਰ ਸੋਚਣ ਲੱਗਾ। ਉਹ ਕਦੇ ਖੇਤ ਕਦੇ ਘਰ ਜਾਂਦਾ, ਉਹ ਪਾਗਲ ਜਿਹਾ ਹੋ ਗਿਆ ਸੀ।

**" ਅਸੀਂ ਕਿਉਂ ਕਰਿਏ ਭਰੋਸਾ ਇਹਨਾ ਲਕੀਰਾਂ ਤੇ**
**ਜੋ ਲਿਖੀਆਂ ਹੀ ਨਹੀਂ ਰੱਬ ਨੇ ਉਹਨਾਂ ਤਕਦੀਰਾਂ ਤੇ**
**ਇਹ ਚਲਦੀ ਦੁਨੀਆਂ**
**ਮੈਨੂੰ ਪੁੱਤਲਿਆਂ ਵਾਂਗ ਜਾਪਦੀ**
**ਕਿਉਂ ਹੰਝੂ ਕੇਰਾਂ, ਮੈਂ ਅੱਗੇ ਤਸਵੀਰਾਂ ਦੇ। "**

ਉਸ ਲਈ ਸਾਰੇ ਲੋਕ ਪੱਥਰ ਦਿਲ ਹੋ ਗਏ ਸਨ। ਕੋਈ ਵੀ ਉਸਦੇ ਅੱਥਰੂਆਂ ਨੂੰ ਪਹਿਚਾਣਨ ਦੀ ਕੋਸ਼ਿਸ ਨਹੀਂ ਕਰ ਰਿਹਾ ਸੀ। ਉਹ ਬਿਲਕੁਲ ਇਕੱਲਾ ਤੇ ਬੇਵੱਸ ਸੀ। ਉਹ ਇਕ ਦਿਨ ਆਪਣੇ ਤਾਇਆ ਜੀ ਨਾਲ ਸ਼ਹਿਰ ਚਲਾ ਗਿਆ, ਉਸਨੂੰ ਸ਼ਹਿਰ 'ਚ ਭੁਲੇਖੇ ਜਿਹੇ ਪੈਂਦੇ ਰਹੇ ਪ੍ਰੀਤ ਦਾ ਚਿਹਰਾ ਉਸਦੇ ਸਾਹਮਣੇ ਵਾਰ-ਵਾਰ ਆ ਜਾਂਦਾ ਪਰ ਉਹ ਉਦਾਸ ਸੀ।

ਉਹ ਰਾਹਾਂ ਦਾ ਕੱਖ ਬਣਕੇ ਰਹਿ ਗਿਆ ਸੀ ਕਦੇ ਇਸ ਦਰ ਜਾਂਦਾ ਕਦੇ ਉਸ ਦਰ, ਪ੍ਰੀਤ ਸਰਵ ਲਈ ਉਸਦਾ ਪਰਛਾਵਾਂ ਬਣ ਘੁੰਮਣ ਲੱਗਦੀ ਜਾਪਦੀ। ਆਖ਼ਰ ਨੂੰ ਪਤਾ ਲੱਗਿਆ ਕਿ ਪ੍ਰੀਤ ਆਪਣੇ ਮਾਸੜ ਦੇ ਘਰ ਰਹਿ ਰਹੀ ਹੈ। ਤਾਂ ਉਹ ਉਥੇ ਚਲਾ ਗਿਆ। ਤੇ ਉਸਨੇ ਉਸਦੇ ਬਾਰ ਅੱਗਿਓ ਇਕ ਗੇੜਾ ਲਾਇਆ ਤੇ ਉਨ੍ਹਾਂ ਦੇ ਗੇਟ ਦੇ ਸਾਹਮਣੇ ਥੋੜੀ ਦੂਰ ਜਾ ਕੇ ਖੜ ਗਿਆ.. ਐਨੇ ਨੂੰ ਪ੍ਰੀਤ ਦਾ ਭਰਾ ਗੋਰਾ ਪ੍ਰੀਤ ਨੂੰ ਲੈਣ ਲਈ ਆ ਗਿਆ ਤੇ ਉਸਨੇ ਉਹਨੂੰ ਦੇਖ ਲਿਆ.. ਸਰਵ ਉਸਨੂੰ ਵੇਖ ਉਥੋਂ ਚਲਾ ਗਿਆ ਤੇ ਉਸਨੇ ਗੋਰੇ ਨੂੰ ਫ਼ੋਨ ਲਾ ਲਿਆ ਤੇ ਕਿਹਾ ਗੋਰੇ ਤੁਸੀਂ ਪ੍ਰੀਤ ਦਾ ਵਿਆਹ ਨਾ ਕਰੀਓ ਮੈਂ ਉਸਨੂੰ

ਬਹੁਤ ਪਿਆਰ ਕਰਦਾ ਹਾਂ ਤੇ ਪ੍ਰੀਤ ਮੇਰੇ ਬਿਨਾਂ ਨਹੀਂ ਰਹਿ ਸਕਦੀ, ਉਹ ਮਰ ਜਾਵੇਗੀ ਤੇ ਗੋਰਾ ਸਰਵ ਨੂੰ ਭੈਣਾਂ ਦੀਆਂ ਗਾਲਾਂ ਦੇਣ ਲੱਗ ਪਿਆ ਤੇ ਸਰਵ ਨੇ ਵੀ ਗੁੱਸੇ ਵਿੱਚ ਗਾਲ ਕੱਢ ਫ਼ੋਨ ਕੱਟ ਦਿੱਤਾ। ਸ਼ਾਮ ਦਾ ਸਮਾਂ ਸੀ ਉਸਦੇ ਪਾਪਾ ਨੇ ਉਸਨੂੰ ਫ਼ੋਨ ਕੀਤਾ ਤੇ ਕਿਹਾ ਕਿਥੇ ਐਂ, ਸਰਵ ਨੇ ਕਿਹਾ ਮੈਂ ਜਿੱਥੇ ਵੀ ਹਾਂ ਠੀਕ ਹਾਂ, ਤੁਸੀ ਮੇਰੀ ਫ਼ਿਕਰ ਨਾ ਕਰੋ। ਸਰਵ ਦੇ ਪਾਪਾ ਨੇ ਕਿਹਾ ਮੈਨੂੰ ਸਰਪੰਚ ਦਾ ਫ਼ੋਨ ਆਇਆ ਸੀ ਕਿ ਤੂੰ ਤੇ ਚਾਰ ਮੁੰਡਿਆਂ ਨੇ ਗੋਰੇ ਨੂੰ ਘੇਰਿਆ ਸੀ ਤੇ ਕੁੱਟਣ ਦੀ ਕੋਸ਼ਿਸ਼ ਕੀਤੀ.. ਸਰਵ ਨੇ ਕਿਹਾ ਪਾਪਾ ਮੈਨੂੰ ਤੇਰੀ ਸੋਂਹ ਹੈ ਮੇਰੇ ਨਾਲ ਕੋਈ ਨਹੀਂ ਮੈਂ ਕੱਲਾ ਹੀ ਰਾਹ ਵਿਚ ਖੜ੍ਹਾ ਸੀ ਤੇ ਗੋਰਾ ਮੇਰੇ ਕੋਲੋ ਲੰਘਿਆ ਸੀ ਬਸ ਹੋਰ ਕੁਝ ਨਹੀਂ ਹੋਇਆ ਸੀ ਮੈਂ ਸਿਰਫ਼ ਪ੍ਰੀਤ ਨੂੰ ਦੇਖਣ ਗਿਆ ਸੀ। ਉਹ ਐਵੇ ਹੀ ਮੇਰੇ ਤੇ ਦੋਸ਼ ਲਾ ਰਹੇ ਨੇ। ਇਹ ਕਹਿ ਉਹਨੇ ਫ਼ੋਨ ਕੱਟ ਦਿਤਾ ਤੇ ਰੋਣ ਲੱਗ ਪਿਆ। ਉਹ ਐਵੇ ਹੀ ਭਟਕਦਾ ਫਿਰ ਰਿਹਾ ਸੀ ਉਸਨੂੰ ਫਿਰ ਪ੍ਰੀਤ ਦੇ ਚਾਚੇ ਦਾ ਫ਼ੋਨ ਆਇਆ ਉਹ ਪੂਰੇ ਗੁੱਸੇ ਵਿਚ ਸੀ ਤੇ ਕਹਿਣ ਲੱਗਾ ਕਿ ਤੂੰ ਸਾਡੀ ਕੁੜੀ ਨਾਲ ਵਿਆਹ ਕਰਵਾਏਂਗਾ ਸਰਵ ਨੇ ਕਿਹਾ "ਹਾਂ ਉਸਨੇ ਵੀ ਲੜਨ ਦੀਆਂ ਗੱਲਾਂ ਕੀਤੀਆਂ ਤੇ ਬਹੁਤ ਕੁੱਝ ਬੋਲ ਫ਼ੋਨ ਕੱਟ ਦਿੱਤਾ" ਉਹ ਉਸਨੂੰ ਵਾਰ ਵਾਰ ਫ਼ੋਨ ਕਰਦਾ ਰਿਹਾ ਤੇ ਗਾਲਾਂ ਕੱਢਦਾ ਰਿਹਾ। ਸਰਵ ਨੂੰ ਕੋਈ ਹੋਰ ਰਸਤਾ ਨਹੀ ਲੱਭ ਰਿਹਾ ਸੀ। ਉਸਦੇ ਘਰ ਦੇ ਵੀ ਸਰਵ ਨਾਲ ਪ੍ਰੀਤ ਦਾ ਵਿਆਹ ਨਹੀਂ ਦੇਣਾ ਚਾਹੁੰਦੇ ਸਨ। ਸਰਵ ਨੇ ਚਮਕੌਰ ਨੂੰ ਫ਼ੋਨ ਲਾ ਲਿਆ ਜਿਸ ਨਾਲ ਪ੍ਰੀਤ ਦਾ ਰਿਸ਼ਤਾ ਹੋਇਆ ਸੀ .. ਉਸਨੇ ਪ੍ਰੀਤ ਬਾਰੇ ਸਭ ਦੱਸਿਆ ਕਿਹਾ ਪ੍ਰੀਤ ਮੈਨੂੰ ਬਹੁਤ ਪਿਆਰ ਕਰਦੀ ਏ ਉਹ ਤੈਨੂੰ ਕਦੇ ਵੀ ਆਪਣਾ ਪਿਆਰ ਨਹੀਂ ਦੇ ਸਕਦੀ ਕਿਉਂਕਿ ਉਹ ਮੈਨੂੰ ਪਿਆਰ ਕਰਦੀ ਏ।

ਉਸਨੇ ਵਾਸਤਾ ਪਾਇਆ ਯਾਰ ਤੂੰ ਵੀ ਕਿਸੇ ਨੂੰ ਪਿਆਰ ਕੀਤਾ ਹੋਣਾ ਏ ਤੈਨੂੰ ਉਸਦਾ ਵਾਸਤਾ, ਤੂੰ ਰਿਸ਼ਤੇ ਨੂੰ ਇਨਕਾਰ ਕਰਦੇ ਸਰਵ ਉਸਦੇ ਹਾੜੇ ਕੱਢਣ ਲੱਗਾ ਤੇ ਆਪਣੇ ਪਿਆਰ ਦੀ ਖੈਰ ਮੰਗਣ ਲਗਾ ਤਾਂ ਚਮਕੋਰ ਨੇ ਉਸਦਾ ਪਿਆਰ ਉਸਦੀ ਝੋਲੀ ਪਾ ਦਿਤਾ। ਤੇ ਪ੍ਰੀਤ ਨੂੰ ਜਵਾਬ ਦੇ ਦਿਤਾ, ਕਿਉਂ ਚਮਕੋਰ ਇਹ ਸੋਚਦਾ ਸੀ ਕਿ ਮੇਰੇ ਕਰਕੇ ਕਿਸੇ ਦੀ ਜਿੰਦਗੀ ਖ਼ਰਾਬ ਨਾ ਹੋਵੇ ਉਹ ਕਿਸੇ ਦਾ ਦਿਲ ਨਹੀਂ ਤੋੜਨਾ ਚਾਹੁੰਦਾ ਸੀ। ਉਸਨੇ ਸਰਵ ਲਈ ਸਭ ਛੱਡ ਦਿਤਾ ਸਰਵ ਲਈ ਉਹ ਇਕ ਰੱਬ ਸੀ। ਪਰ ਵਕਤ ਦੀ ਮਾਰ ਨੇ ਸਰਵ ਦਾ ਅਜੇ ਵੀ ਸਾਥ ਨਾ ਛੱਡਿਆ ਉਹ ਦਿਲ ਵਿਚ ਆਸ ਦੀ ਜੋਤ ਲੈ ਕੇ ਚੱਲ ਰਿਹਾ ਸੀ ਤੇ ਉਹ ਆਪਣੀ ਭੂਆ ਦੇ ਘਰ ਚਲਾ ਗਿਆ। ਹਾਲੇ ਵੀ ਪ੍ਰੀਤ ਦਾ ਚਾਚਾ ਸਰਵ ਨੂੰ ਫ਼ੋਨ ਕਰ ਰਿਹਾ ਸੀ ਤੇ ਵਾਰ ਵਾਰ ਪੁੱਛ ਰਿਹਾ ਸੀ ਤੂੰ ਕਿਥੇ ਹੈਂ। ਸਰਵ ਨੇ ਕਿਹਾ ਮੈਂ ਬਾਹਰ ਹਾਂ ਜੇ ਕੁਝ ਲੈਣਾ ਹੈ ਤਾਂ ਮੇਰੇ ਘਰ ਚਲੇ ਜਾਓ

ਤਾਂ ਉਹ ਉਸਦੇ ਘਰ ਚਲੇ ਗਏ। ਉਹਨਾਂ ਨੂੰ ਸ਼ੱਕ ਸੀ ਕਿ ਸਰਵ ਆਪਣੇ ਘਰ ਹੈ ਪਰ ਉਹ ਉਥੇ ਨਹੀਂ ਸੀ ਤੇ ਉਹ ਸਰਵ ਤੇ ਪਾਪੇ ਦੇ ਸੋਟੀਆਂ ਮਾਰਨ ਲੱਗੇ ਤੇ ਉਸਦੀ ਬਾਂਹ ਤੋੜ ਦਿੱਤੀ ਤੇ ਵਾਪਿਸ ਮੁੜ ਗਏ।

ਸਰਵ ਦੇ ਪਿਆਰ ਨੇ ਸਾਰੇ ਪਰਿਵਾਰ ਵਿੱਚ ਵੈਰ ਪੁਆ ਦਿੱਤਾ ਸੀ। ਉਸਦੇ ਪਾਪਾ ਨੂੰ ਥਾਣੇ ਵਿੱਚ ਲੈ ਗਏ ਤੇ ਰਿਪੋਰਟ ਕੀਤੀ ਤੇ ਇਲਾਜ਼ ਲਈ ਹਸਪਤਾਲ ਭੇਜਿਆ ਗਿਆ। ਪ੍ਰੀਤ ਦੀ ਮਾਸੀ ਨੂੰ ਵੀ ਉੱਥੇ ਦਾਖ਼ਿਲ ਕੀਤਾ ਗਿਆ ਤੇ ਦੋਹਾਂ ਵਿਚਕਾਰ ਕਾਰਵਾਈ ਕਰ ਦਿੱਤੀ ਗਈ। ਅਗਲ਼ੇ ਦਿਨ ਸੇਵਰ ਹੋਈ ਸਰਵ ਦੇ ਘਰੇ ਪੁਲੀਸ ਆਈ ਉਹ ਸਰਵ ਦੇ ਘਰਦਿਆਂ ਨੂੰ ਤੰਗ ਕਰਨ ਲੱਗੇ ਉਨ੍ਹਾਂ ਦਾ ਕਹਿਣਾ ਸੀ ਲੜਾਈ ਤਾਂ ਤੁਹਾਡੀ ਬਾਹਰ ਅੱਡੇ ਤੇ ਹੋਈ ਏ। ਤੁਸੀਂ ਆਪਣੇ ਘਰ ਦੱਸਦੇ ਹੋ। ਪੁਲੀਸ ਵਾਲੇ ਹਰ ਗੱਲ਼ ਉਲਟ ਲਿਜਾ ਰਹੇ ਸਨ। ਐਨੇਂ ਵਿਚ ਸਰਵ ਦਾ ਗੁਆਂਢੀ ਆਇਆ, ਉਹ ਸਿਆਣੀ ਉਮਰ ਦਾ ਸੀ ਉਸਨੇ ਕਿਹਾ ਕਿ ਮੈਨੂੰ ਹੋਰ ਗੱਲ਼ ਦਾ ਪਤਾ ਨਹੀਂ ਮੈਨੂੰ ਤਾਂ ਏ ਪਤੈ ਕਿ ਉਹ ਸਰਵ ਦੇ ਪਿਓ ਨੂੰ ਸੋਟੀਆਂ ਮਾਰ ਕੇ ਗਏ ਨੇ ਮੈਂ ਹੀ ਇਹਨਾਂ ਨੂੰ ਛੁਡਾਇਐ। ਇਸ ਗੱਲ਼ ਦਾ ਮੈਂ ਪੱਕਾ ਗਵਾਹ ਹਾਂ ਕਿ ਇਹ ਲੜਾਈ ਇਹਨਾਂ ਦੇ ਘਰ ਹੋਈ ਸੀ। ਪੁਲਿਸ ਵਾਲੇ ਇਹ ਗੱਲ਼ ਸੁਣ ਕੇ ਚਲੇ ਗਏ। ਉਹ ਸਰਵ ਨੂੰ ਲੈਣ ਆਏ ਸੀ ਪਰ ਉਹ ਘਰ ਨਹੀਂ ਸੀ।

ਅਗਲੇ ਦਿਨ ਸਰਵ ਦੇ ਘਰ ਪੰਚਾਇਤ ਆਈ ਤੇ ਪੰਚਾਇਤੀ ਕਹਿਣ ਲੱਗੇ ਕਿ ਤੁਸੀਂ ਸਰਵ ਨੂੰ ਬੁਲਾਓ ਤੁਹਾਡਾ ਰਾਜ਼ੀਨਾਮਾ ਕਰਵਾ ਦਿੰਦੇ ਹਾਂ। ਉਸਦੇ ਘਰਦਿਆਂ ਨੂੰ ਡਰਾਉਣ ਲੱਗੇ। ਉਨ੍ਹਾਂ ਦਾ ਕਹਿਣਾ ਸੀ ਉਹ ਸਰਵ ਤੇ ਕੋਈ ਵੀ ਦੋਸ਼ ਲਾ ਸਕਦੇ ਨੇ ਜੋ ਕਾਨੂੰਨੀ ਜ਼ੁਰਮ ਹੋ ਸਕਦਾ ਏ। ਉਨ੍ਹਾਂ ਪ੍ਰੀਤ ਨੂੰ ਕੁੱਟ ਮਾਰ ਕੇ ਜਬਰਦਸਤੀ ਕਰਕੇ ਸਭ ਕੁਝ ਕਹਾ ਲੈਣਾ ਏ। ਆਖ਼ਿਰ ਸਰਵ ਨੂੰ ਫ਼ੋਨ ਕਰਕੇ ਬੁਲਾ ਲਿਆ ਗਿਆ।

ਸਰਵ ਨੇ ਫ਼ੋਨ ਤੇ ਕਿਹਾ ਮੈਂ ਤਾਂ ਆਵਾਂਗਾ ਜੇ ਤੁਸੀਂ ਪ੍ਰੀਤ ਨੂੰ ਪੰਚਾਇਤ ਵਿੱਚ ਜਾ ਥਾਣੇ ਵਿੱਚ ਮੇਰੇ ਸਾਹਮਣੇ ਖੜ੍ਹਾ ਕਰੋਗੇ। ਪੰਚਾਇਤ ਵਾਲਿਆਂ ਨੇ ਸਰਵ ਨੂੰ ਝੂਠਾ ਦਿਲਾਸਾ ਦਿੱਤਾ ਤੇ ਬੁਲਾ ਲਿਆ ਸਭ ਤੋਂ ਪਹਿਲਾਂ ਉਸਦੇ ਪਿੰਡ ਦੀ ਪੰਚਾਇਤ ਆਈ ਤੇ ਉਨ੍ਹਾਂ ਉਸਨੂੰ ਉਹਨਾਂ ਤੇ ਪੈਰੀ ਹੱਥ ਲਾ ਕੇ ਮਾਫ਼ੀ ਮੰਗਣ ਲਈ ਮਜ਼ਬੂਰ ਕੀਤਾ। ਪ੍ਰੰਤੂ ਉਸਨੇ ਕਿਹਾ ਪਹਿਲਾਂ ਪ੍ਰੀਤ ਨੂੰ ਬੁਲਾਓ, ਉਸਦੇ ਸਾਹਮਣੇ ਮੈਥੋਂ ਮਾਫ਼ੀ ਜਾਂ ਕੁਝ ਵੀ ਕਰਵਾ ਲਿਓ ਕਿਉਂਕਿ ਮੈਂ ਜੋ ਵੀ ਕਰਾਂਗਾ ਸਿਰਫ਼ ਪ੍ਰੀਤ ਲਈ ਕਰਾਂਗਾ। ਕਿਉਂਕਿ ਉਸਦਾ ਪ੍ਰੀਤ ਨਾਲ ਵਾਅਦਾ ਕੀਤਾ ਹੋਇਆ ਸੀ ਕਿ ਮੇਰੇ ਪਰਿਵਾਰ ਨੂੰ ਕਦੇ ਵੀ ਮਾੜਾ ਨਾ ਆਖੀ ਕਿਉਂਕਿ ਉਹ ਨਹੀਂ ਚਾਹੁੰਦੀ ਸੀ, ਕਿ ਸਰਵ ਮੇਰੇ ਕਰਕੇ ਮੇਰੇ ਮਾਪਿਆਂ ਨੂੰ ਮਾੜਾ

ਕਹਾਉਣਾ ਪਏ ਇਸ ਲਈ ਉਹ ਚੁੱਪ ਸੀ ਤੇ ਆਪਣੇ ਪਿਆਰ ਦੀ ਸਲਾਮਤੀ ਲਈ ਸਭ ਕੁਝ ਸਹਿਣ ਕਰ ਗਿਆ ਕਿ ਮੇਰੇ ਪਿਆਰ ਨੂੰ ਲੋਕ ਉਸ ਨਜ਼ਰ ਨਾਲ ਨਾ ਦੇਖਣ ਕਿ ਮੈਂ ਪ੍ਰੀਤ ਨਾਲ ਗ਼ਲਤ ਸੀ ਤੇ ਸਾਡੇ ਸੱਚੇ ਪਿਆਰ ਤੇ ਲੋਕਾਂ ਦੀ ਗੰਦੀ ਸੋਚ ਦਾ ਧੱਬਾ ਨਾ ਲੱਗੇ.. ਸਰਵ ਨੇ ਭਰੀ ਪੰਚਾਇਤ 'ਚ ਸਾਰਾ ਦੋਸ਼ ਆਪਣੇ ਸਿਰ ਲੈ ਲਿਆ ਤੇ ਕਿਹਾ ਇਸ ਵਿੱਚ ਪ੍ਰੀਤ ਦਾ ਕੋਈ ਦੋਸ਼ ਨਹੀਂ। ਮੈਂ ਧੱਕੇ ਨਾਲ ਉਸਤੇ ਆਪਣਾ ਹੱਕ ਅਜ਼ਮਾ ਰਿਹਾ ਸੀ। ਉਸਨੇ ਮਾਫ਼ੀ ਮੰਗ ਲਈ ਤੇ ਪ੍ਰੀਤ ਦੀ ਰਾਹ 'ਚੋਂ ਹਟ ਗਿਆ ਉਹਨਾਂ ਕਿਹਾ ਕਿ ਇਹ ਸਭ ਗੱਲਾਂ ਤੈਨੂੰ ਪਿੰਡਾਂ ਦੀ ਪੰਚਾਇਤ ਦੇ ਸਾਹਮਣੇ ਕਹਿਣੀਆਂ ਪੈਣਗੀਆਂ। ਉਹ ਵੀ ਅੱਜ ਦੀ ਸ਼ਾਮ ਨੂੰ, ਉਸਨੇ ਕਿਹਾ ਹਾਂ ਵਿੱਚ ਹਾਮੀ ਭਰ ਲਈ।

ਉਹ ਸ਼ਾਮ ਨੂੰ ਸੋਚ ਰਿਹਾ ਸੀ ਜੇ ਇੱਕ ਵਾਰ ਪ੍ਰੀਤ ਸਾਰੇ ਲੋਕਾਂ ਦੇ ਸਾਹਮਣੇ ਕਹਿ ਦੇਵੇ ਤਾਂ ਮੈਂ ਕਦੇ ਵੱਖ ਨਹੀਂ ਹੋਣ ਦੇਵਾਂਗਾ।..

**" ਤੇਰੀ ਇੱਕ ਚੁੱਪ 'ਚ ਕਿੰਨੇ ਹੀ ਸਵਾਲ ਸਮਾਏ।**
**ਸਮਝਣ ਕੀ ਇਹ ਲੋਕ ਪਰਾਏ।**
**ਕੂੜ ਫਰੇਬ ਦੀ ਦੁਨੀਆਂ ਅੰਦਰ**
**ਦਰਦ ਪ੍ਰੀਤ ਦਾ ਕੌਣ ਵੰਡਾਏ।**
**ਤੇਰੀ ਹਾਮੀ ਜੀਵਨ ਦਾ ਪੰਧ,**
**ਜਿੰਦ ਜਾਂਦੀ ਲੱਖ ਵੇਰਾਂ ਜਾਏ।"**

ਸ਼ਾਮ ਹੋਈ ਤਾਂ ਇਕੱਠ ਪੁਰਾਣੇ ਸਰਪੰਚ ਦੇ ਘਰ ਰੱਖਿਆ ਗਿਆ। ਉਸਨੂੰ ਬੁਲਾ ਲਿਆ ਗਿਆ। ਉਸਦੇ ਨਾਲ ਉਸਦੇ ਦੋ ਤਾਏ ਤੇ ਇਕ ਚਾਚਾ ਸੀ ਚਾਰੇ ਭਰਾ ਸਨ। ਦੂਜੇ ਪਾਸੇ ਪ੍ਰੀਤ ਦੇ ਸਾਰੇ ਰਿਸ਼ਤੇਦਾਰ ਤੇ ਉਸਦਾ ਸਾਰਾ ਪਰਿਵਾਰ ਸੀ। ਤਿੰਨ ਪਿੰਡਾਂ ਦੀਆਂ ਪੰਚਾਇਤਾਂ ਸਨ, ਕਾਫ਼ੀ ਲੋਕਾਂ 'ਚ ਉਹ ਉਦਾਸ ਖੜਾ ਸੀ ਸਾਰੇ ਉਸਨੂੰ ਜਲ਼ਾਦਾਂ ਵਾਂਗ ਨਜ਼ਰ ਆ ਰਹੇ ਸਨ। ਉਸ ਲਈ ਕੋਈ ਵੀ ਆਪਣਾ ਨਹੀਂ ਸੀ ਜੋ ਸੀ ਉਹ ਉੱਥੇ ਨਹੀਂ ਸੀ ਤੇ ਸਰਵ ਨੇ ਸਾਰਿਆਂ ਤੋਂ ਹੱਥ ਬੰਨ ਕੇ ਮਾਫ਼ੀ ਮੰਗ ਲਈ ਤੇ ਉਹ ਖ਼ੁਸ਼ ਸੀ, ਕਿਉਂਕਿ ਉਹ ਆਪਣੀ ਪ੍ਰੀਤ ਲਈ ਇਹ ਸਭ ਕਰ ਰਿਹਾ ਸੀ। ਪ੍ਰੀਤ ਦੀਆਂ ਕਹੀਆਂ ਗੱਲ਼ਾਂ ਤੇ ਖ਼ਰਾ ਉਤਰ ਰਿਹਾ ਸੀ। ਉਸਨੂੰ ਬਹੁਤ ਕੁਝ ਕਿਹਾ ਗਿਆ ਉਸਨੇ ਸਭ ਸਹਿ ਲਿਆ ਤੇ ਪ੍ਰੀਤ 'ਚ ਕੋਈ ਦੋਸ਼ ਨਹੀਂ ਕੱਢਿਆ। ਸਾਰੇ ਦੋਸ਼ ਆਪਣੇ ਤੇ ਲੈ ਲਏ ਤੇ ਫੈਸਲਾ ਹੋ ਗਿਆ ਜੋ ਉਸ ਕੋਲ ਪ੍ਰੀਤ ਦਾ ਸਮਾਨ ਸੀ ਮੰਗਵਾ ਲਿਆ ਗਿਆ। ਪਿਆਰ 'ਚ ਤੜਫ਼ਦਾ ਇਹ ਦਿਲ ਚੌਰਾਹੇ ਛੱਡ ਦਿੱਤਾ। ਲੋਕਾਂ ਦੇ ਦਿਲ ਨੂੰ ਸਕੂਲ ਮਿਲ ਗਿਆ, ਸਰਵ ਲਈ ਮੌਤ ਦਾ ਦਰਵਾਜ਼ਾ ਖੋਲ਼ ਕੇ ਸਾਰੇ ਲੋਕ ਹੱਸਦੇ ਹੋਏ ਆਪੋ ਆਪਣੇ ਘਰ ਚਲੇ ਗਏ।

ਉਸਦੀ ਪ੍ਰੇਮ ਕਹਾਣੀ ਨੂੰ ਕਿੱਸਾ ਬਣਾ ਕੇ ਛੱਡ ਦਿੱਤਾ। ਉਧਰ ਪ੍ਰੀਤ ਨੂੰ ਸਰਵ ਦੇ ਖਿਲਾਫ਼ ਭੜਕਾਉਣ ਦਾ ਹਰ ਯਤਨ ਕੀਤਾ ਗਿਆ ਕਿ ਉਹ ਤੇਰੇ ਬਾਰੇ ਪੰਚਾਇਤ ਵਿਚ ਗਲ਼ਤ ਕਹਿ ਰਿਹਾ ਸੀ ਪ੍ਰੀਤ ਦੇ ਦਿਲ ਵਿਚ ਸਰਵ ਪ੍ਰਤੀ ਨਫ਼ਰਤ ਭਰੀ ਗਈ। ਪ੍ਰੰਤੂ ਪ੍ਰੀਤ ਚੁੱਪ ਸੀ, ਕਿਉਂਕਿ ਉਸਨੂੰ ਸਰਵ ਤੇ ਮਾਣ ਸੀ ਤੇ ਆਪਣੇ ਪਿਆਰ ਤੇ ਭਰੋਸਾ। ਪਰ ਇਹ ਸਭ ਗੱਲਾਂ ਹੋਣ ਤੋਂ ਬਾਅਦ ਸਰਵ ਸੋਚਣ ਲੱਗਾ ਕਿ ਪ੍ਰੀਤ ਦੀ ਗੱਲ ਸਹੀ ਸੀ ਓਹ ਕਹਿੰਦੀ ਸੀ ਕਿ ਸਾਨੂੰ ਵੀ ਲੋਕਾਂ ਦੀਆਂ ਨਜ਼ਰਾਂ ਕਦੇ ਇੱਕਠੇ ਨਹੀਂ ਹੋਣ ਦੇਣਗੀਆਂ। ਇਸ ਲਈ ਪ੍ਰੀਤ ਨੇ ਪਹਿਲਾਂ ਹੀ ਸਰਵ ਤੋਂ ਆਪਣੇ ਵਿਆਹ ਨਾਲ ਸਬੰਧਿਤ ਸਭ ਰਸਮਾਂ ਰਿਵਾਜ਼ ਸਰਵ ਨਾਲ ਕਰ ਲਈਆਂ ਤੇ ਸਭ ਵਰਤ ਵੀ ਰੱਖੇ ਸਨ। ਜਿਵੇਂ ਕਰੂਆ, ਸਰਵ ਦੇ ਨਾਮ ਤੇ ਰੱਖਿਆ ਸੀ ਤੇ ਸਰਵ ਨੂੰ 12 ਵਜੇ ਦੇਖ ਖੋਲਿਆ। ਸਰਵ ਦੇ ਨਾਂ ਦਾ ਸੰਧੂਰ ਵੀ ਪਾ ਲਿਆ। ਜੋ ਸਰਵ ਨੇ ਆਪਣੇ ਹੱਥੀ ਪਾਇਆ ਸੀ। ਇਹ ਕੁਝ ਸੋਚਦਾ ਹੋਇਆ ਉਹ ਆਪਣੇ ਘਰ ਆ ਗਿਆ। ਇਸ ਤੋਂ ਬਾਅਦ ਚਮਕੌਰ ਦਾ ਫ਼ੋਨ ਆਇਆ, ਉਸ ਨੇ ਸਰਵ ਨੂੰ ਕਿਹਾ ਕਿ ਮੈਂ ਰਿਸ਼ਤਾ ਤੋੜ ਦਿੱਤਾ ਸੀ ਪਰ ਪ੍ਰੀਤ ਦੇ ਘਰਦਿਆਂ ਨੇ ਉਸਦਾ ਰਿਸ਼ਤਾ ਮੇਰੇ ਪਿੰਡ ਵਿਚ ਕਿਸੇ ਹੋਰ ਨਾਲ਼ ਕਰ ਦਿੱਤਾ।

ਅਗਲੇ ਦਿਨ ਪ੍ਰੀਤ ਦੀ ਬਰਾਤ ਸੀ ਤੇ ਉਹ ਆਪਣੇ ਪਿਆਰ ਦੀ ਬਾਜ਼ੀ ਹਾਰ ਗਿਆ, ਦੋਵੇਂ ਲਾਸ਼ ਬਣੇ ਰਹਿ ਗਏ। ਉਨ੍ਹਾਂ ਆਪਣਾ ਪਿਆਰ ਉਸ ਰਾਤ ਆਪਣੇ ਹੰਝੂਆਂ ਨਾਲ ਵਹਾ ਦਿੱਤਾ ਸੀ ਜੋ ਸਮਾਜ ਦੇ ਖ਼ੋਖ਼ਲੇ ਰੀਤ ਰਿਵਾਜਾਂ ਦੀ ਭੇਟ ਚੜ੍ਹ ਗਿਆ। ਸੂਰਜ ਅਜੇ ਧਰਤੀ ਦੇ ਗਰਭ ਅੰਦਰ ਸੀ। ਬਲਜੀਤ ਦੀ ਧਾਅ ਸੁਣ ਅੰਬਰ ਕੰਬ ਉਠਿਆ, ਉਧਰ ਸਰਵ ਦੇ ਘਰ 'ਚ ਵੀ ਪਿੱਟ ਸਿਆਪਾ ਸ਼ੁਰੂ ਹੋ ਗਿਆ। ਇਹ ਦਿਨ ਪਿੰਡ ਵਿੱਚ ਕਹਿਰ ਵਾਂਗ ਚੜ੍ਹਿਆ। ਦੋ ਪ੍ਰੇਮੀ ਆਪਣੀਆਂ ਕਸਮਾਂ ਰਸਮਾਂ ਨੂੰ ਨਿਭਾ ਉਸ ਅਦੁੱਤੀ ਨੂਰ ਵਿੱਚ ਸਮਾ ਗਏ ਸਨ, ਅੱਜ ਪਿੰਡ ਵਿੱਚ ਕਿਸੇ ਘਰ ਚੁਲ੍ਹਾ ਤੱਕ ਨਾ ਬਲਿਆ। ਦਿਨ ਦੇ ਢਲਦਿਆਂ ਦੋਨ੍ਹਾਂ ਦੀਆਂ ਚਿਖਾਵਾਂ ਅਗਨੀ ਭੇਟ ਕਰ ਦਿੱਤੀਆਂ। ਅੱਗ ਦੇ ਲਾਂਬੂ ਅੰਬਰ ਦੀ ਹਿੱਕ ਨੂੰ ਛੋਹ ਰਹੇ ਸਨ।

------------------

www.PunjabiLibrary.com